# ਅੰਮ੍ਰਿਤ ਕੀਰਤਨ

# Amrit Kirtan

ਦਸੰਬਰ 2001




ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਇਲਾਹੀ ਸ਼ਹਾਦਤ

## ਮਨਮੋਹਨ ਸਿੰਘ ਦਾਊਂ

280, ਫ਼ੇਜ਼ 6, ਮੁਹਾਲੀ (ਰੋਪੜ)

ਦੋ ਮਾਸੂਮ ਜਿੰਦੜੀਆਂ ਨਿਰਛਲ
ਇਲਾਹੀ ਨੂਰ ਨਾਲ ਸਜੀਆਂ
ਜਦੋਂ ਹਾਜ਼ਰ ਹੋਣ ਲਈ ਆਈਆਂ,
ਕਚਹਿਰੀ ਸੁੰਨ ਪਸਰੀ ਸੀ
ਕੋਈ ਨਾ ਬੋਲ ਸਕਦਾ ਸੀ।

ਕੇਹਾ ਕਾਲਾ ਦਿਨ ਸੀ ਉਹ
ਅਦਾਲਤ ਜ਼ੁਲਮ ਦੀ ਬੈਠੀ
ਚੁਫ਼ੇਰੇ ਭੈਅ ਦਾ ਪਹਿਰਾ
ਉੱਤੋਂ ਠੰਢੀ-ਠਾਰ ਰੁੱਤ ਚੰਦਰੀ
ਸਮਾਂ ਵੀ ਸਹਿਮ ਗਿਆ ਡਰਦਾ।

ਧਰਮ ਤਿਆਗੋ
ਸ਼ਾਹੀ ਦੌਲਤਾਂ ਹਾਜ਼ਰ
ਕਬੂਲੋ ਇਸਲਾਮ ਦੀ ਰਹਿਤਲ
ਕਿਉਂ ਜਿੱਦ ਕਰਦੇ ਹੋ?
ਛੱਡ ਦਿਓ ਹੱਠ ਆਪਣਾ
ਨਹੀਂ ਤਾਂ ਮੌਤ ਦਾ ਖੰਜਰ
ਮੇਰੇ ਹੱਥ ਲਿਸ਼ਕਦਾ ਵੇਖੋ।

ਗਰਜ਼ਵੀਂ ਆਵਾਜ਼ ਦਾ ਲੋਗਾ।
ਸਿਰਾਂ ਤੋਂ ਲੰਘਿਆ ਮੰਡਲਾਉਂਦਾ।

ਦੋ ਚਿਹਰੇ ਸੂਰਜੀ ਭਖਦੇ
ਉਚੇਰੇ ਹੋ ਗਏ ਸੂਹੇ,
ਬੇਖੌਫ਼ ਤੱਕਣੀ ਨੂਰੀ
ਨਾ ਡੋਲੀ ਹੁਕਮ ਦੇ ਸਾਹਵੇਂ।

ਕਚਹਿਰੀ ਰੋਹ ਦੀ ਇੱਕ ਪਾਸੇ
ਦੋ ਮਜ਼ਲੂਮ ਇੱਕ ਪਾਸੇ,
ਜ਼ਾਲਮ ਦੀ ਤਲਵਾਰ ਲਿਸ਼ਕਦੀ ਸੀ
ਸਿਦਕ ਤੇ ਸਿਰੜ ਦਾ ਸਰੂਪ ਇੱਕ ਪਾਸੇ।

ਆਖ਼ਿਰ ਕਹਿਰ ਨਾ ਰੁਕਿਆ
ਫਤਵਾ ਦੀਵਾਰ 'ਚ ਚਿਣਨ ਦਾ ਹੋਇਆ।
ਧਰਤੀ ਡੋਲਦੀ ਜਾਪੀ
ਤੇ ਅੰਬਰ ਰੁਨੜਾ ਹੋਇਆ

ਪੌਣਾਂ ਸਿਸਕੀਆਂ ਭਰੀਆਂ
ਤੇ ਹਾਅ ਭਰ ਕੇ ਕੋਈ ਹਮਦਮ
ਦਰਬਾਰ 'ਚੋਂ ਉੱਠ ਤੁਰਿਆ।

ਜਿੰਦਾਂ ਨਿਕੜੀਆਂ ਪਰ ਸੱਚੀਆਂ
ਇੱਟਾਂ ਜ਼ੁਲਮ ਦੀਆਂ ਪੱਕੀਆਂ,
ਚਿਣੀਆਂ ਜਾਣ ਫਿਰ ਲੱਗੀਆਂ
ਦੀਵਾਰ ਵੈਰ ਦੀ ਉਸਰਦੀ ਰਹੀ
ਪਰ ਧਰਮ ਹੋਰ ਪੱਕਦਾ ਰਿਹਾ।

ਜਦੋਂ ਸਾਹ ਘੁਟਣ ਲਗਦਾ ਸੀ
ਸਿਦਕ ਹੋਰ ਮੱਘਦਾ ਸੀ।

ਜ਼ਾਲਮ ਹੱਥ ਥੱਕ ਕੇ ਹਾਰੇ
ਅਗੰਮੀ ਜੋਤ ਜਗਦੀ ਰਹੀ ਸੁੱਚੀ।

ਤਨ ਕੂਲੇ ਸੀ ਫੁੱਲ ਵਰਗੇ
ਪਰ ਹਿਰਦੇ ਇਸਪਾਤ ਜਿਹੇ ਪੱਕੇ
ਸਭੋ ਕੁਝ ਸਹਿ ਰਹੇ ਤਨ 'ਤੇ
ਸਭੋ ਕੁਝ ਝਲ ਰਹੇ ਮਨ 'ਤੇ।

ਕਦੇ ਖ਼ੂਨੀ ਦੀਵਾਰ ਢਹਿ ਜਾਂਦੀ
ਤੇ ਜੈਕਾਰੇ ਬੁਲੰਦ ਹੋ ਜਾਂਦੇ।

ਦੀਵਾਰ ਉਸਰ ਗਈ ਆਖ਼ਿਰ
ਨਾ ਡੋਲੇ ਬਾਲ ਗੋਬਿੰਦ ਦੇ,
ਤਲਵਾਰ ਲਿਸ਼ਕੀ ਕਾਤਲ ਦੀ
ਜ਼ੁਲਮ ਦੀ ਇੰਤਹਾ ਹੋਈ,
ਸ਼ਹਾਦਤ ਦੀ ਜੈ-ਹੋਈ।

ਅੰਬਰ ਅੱਥਰੂ ਕੇਰੇ
ਧਰਤ ਭੁੱਬਾਂ ਮਾਰ ਕੇ ਰੋਈ।

ਜਲਾਦ ਭੈ-ਭੀਤ ਕੰਬਦਾ ਰਿਹਾ
ਲਹੂ ਇਤਿਹਾਸ ਸਿਰਜਦਾ ਰਿਹਾ।

ਜਿੰਦਾਂ ਨਿੱਕੀਆਂ ਸਨ ਭਾਵੇਂ
ਪਰ ਸਾਕਾ ਵੱਡੜਾ ਕੀਤਾ
ਤੇ ਜਾਮ ਅਣਖ ਦਾ ਪੀਤਾ।

**PAGE SPONSORED BY : AHUJA FAMILY**
C-353, Defence Colony New Delhi 110 024

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 12 • ਸਾਲ ਤੇਰ੍ਹਵਾਂ • ਦਸੰਬਰ 2001



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 5 | ਸੰਪਾਦਕੀ |
| ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ | 6 | ਡਾ. ਹਰਨਾਮ ਸਿੰਘ ਸ਼ਾਨ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਸੰਕਲਪ | 18 | ਪ੍ਰੋ. ਜੋਗਿੰਦਰ ਸਿੰਘ |
| ਆਉ ਕਰੋਧ ਕਰੀਏ | 23 | ਭਗਵੰਤ ਸਿੰਘ ਦਲਾਵਰੀ |
| ਬਿਨੁ ਪਿਰ ਕਿਉ ਸੁਖੁ ਪਾਈਐ | 25 | ਰਮੇਸ਼ ਸਿੰਘ |
| ਗੁਰਬਾਣੀ ਸੰਗੀਤ ਦਾ ਅਧਿਆਪਕ... | 28 | ਗੁਰਜੰਤ ਸਿੰਘ ਰਾਹੀ |
| ਤਬਲਾ ਵਾਦਨ ਵਿਧੀ | 30 | ਪ੍ਰੋ. ਕਵਲਜੀਤ ਸਿੰਘ |
| ਸੁਰ ਲਿਪੀ | 33 | ਪ੍ਰੋ. ਤਾਰਾ ਸਿੰਘ |
| ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ | 36 | ਮਨਮੋਹਨ ਸਿੰਘ |



• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961
vide CIT/ CHD/ 80-G/78/Tech. dated 30/7/1999 valid upto 31/3/2001



ਚੰਦੇ ਦਾ ਵੇਰਵਾ :

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.
• ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
• 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਆ ਰਿਹਾ ਹੈ। ਮੈਨੂੰ ਪੜ੍ਹ ਕੇ ਬੇਅੰਤ ਖੁਸ਼ੀ ਹੋ ਰਹੀ ਹੈ। ਸਤੰਬਰ ਮਹੀਨੇ ਦੇ ਪਰਚੇ ਵਿੱਚ ਮਸਕੀਨ ਸਾਹਿਬ ਹੁਰਾਂ ਦਾ ਲੇਖ ਰਾਗ ਤੇ ਰਾਗੀ, ਰਮੇਸ਼ ਸਿੰਘ ਜੀ ਜਮਸ਼ੇਦਪੁਰ ਵਾਲਿਆਂ ਦਾ ਲੇਖ 'ਸੁਖ ਸਹਜ ਅਨੰਦ ਲਹਹੁ' ਬਹੁਤ ਹੀ ਪਸੰਦ ਆਏ, ਇਉਂ ਲੱਗ ਰਿਹਾ ਸੀ ਜਿਵੇਂ ਉਹ ਸਾਡੇ ਸਾਹਮਣੇ ਬੈਠ ਕੇ ਬੋਲ ਰਹੇ ਹਨ। ਰਮੇਸ਼ ਸਿੰਘ ਹੁਰਾਂ ਤਾਂ ਗੁਰਬਾਣੀ ਰਾਹੀਂ ਜੀਵਨ ਵਿੱਚ ਆਵਣ ਵਾਲੀਆਂ ਘਟਨਾਵਾਂ ਰਾਹੀਂ ਭਰਪੂਰ ਅਸਰ ਪਾਇਆ ਹੈ। ਜੇ ਕਰ ਇਸ ਨੂੰ ਪੜ੍ਹ ਕੇ ਅਮਲ ਕਰੀਏ ਤਾਂ ਜੀਵਨ ਸੁਖਾਲਾ ਬਣ ਜਾਵੇਗਾ।

*- ਮਹਿੰਦਰ ਸਿੰਘ ਨਿਰਮਾਣ, ਪੂਨਾ*

★ *ਰੋਸੁ ਨ ਕਾਹੂ ਸੰਗੁ ਕਰਹੁ ਆਪਨ ਆਪਿ ਬੀਚਾਰਿ॥*
*ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥* (ਪੰਨਾ•259)

ਅਨੁਸਾਰ ਆਤਮ ਸ਼ੋਧ ਜਾਂ ਆਤਮ ਖੋਜ ਲਈ ਗੁਰਬਾਣੀ ਸਦੀਵੀ ਮਾਰਗ ਦਰਸ਼ਨ ਕਰਦੀ ਹੈ, ਪਰ ਇਸ ਦੇ ਨਾਲ ਹੀ ਗੁਰੂ ਪਰੀਭਾਸ਼ਿਤ ਸਿੱਖੀ ਲਈ ਸਟੀਕ ਹੈ-

*ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲੰਘਾਏ ਪਾਰਿ॥* (ਪੰਨਾ 465)

ਅਜਿਹੀ ਗੁਰ ਆਗਿਆ ਨਾਲ ਸੋਹਣ ਸਿੰਘ ਦੇ ਅਕਤੂਬਰ ਅੰਕ ਵਿਚਲੇ ਲੇਖ-ਪ੍ਰਭੂ ਨਾਮ ਤੇ ਉਹਦੀ ਪਰਿਭਾਸ਼ਾ, ਵਿਚਲੀਆਂ ਵਿਸੰਗਤੀਆਂ ਪ੍ਰਤੀ ਗੁਰਬਾਣੀ ਅਧਾਰਿਤ ਸੰਖੇਪ ਵਿਚਾਰਧਾਰਾ ਦੇਣ ਲਈ ਸੰਕੋਚ ਛਡਿਆ ਜਾ ਰਿਹਾ ਹੈ। ਕਿਉਂਕਿ ਇਸ ਲੇਖ ਦਾ ਸਿਰਲੇਖ ਪ੍ਰਭੂ ਨਾਮ ਦੀ ਪਰਿਭਾਸ਼ਾ ਦੀ ਵਿਆਖਿਆ ਨਾਲ ਜੋੜਿਆ ਹੋਇਆ ਹੈ। ੧ਓ ਦਾ ਅਰਥ ਕੇਵਲ ਇੱਕ ਪ੍ਰਮਾਤਮਾ ਕੀਤਾ ਹੈ ਜੋ ਅਖਰੀਂ ਉਚਿਤ ਹੈ ਅਤੇ ਕਿਉਂਕਿ *ਸਾਹਿਬ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ॥* (ਪੰਨਾ 350) ਦਾ ਹੋਕਾ ਅਨੇਕਾਂ ਤੁਕਾਂ ਵਿੱਚ ਦਿੱਤਾ ਜਾ ਰਿਹਾ ਹੈ। ਪਰ ਪਰਿਭਾਸ਼ਕ ਤੌਰ ਤੇ ਏਕਮ *ਏਕੰਕਾਰ ਨਿਰਾਲਾ, ਅਮਰ ਅਜੋਨੀ ਜਾਤਿ ਨ ਜਾਲਾ॥* (ਪੰਨਾ 838) ਇੱਕ ਦੀ ਵਰਤੋਂ ਏਕੰਕਾਰ ਅਰਥਾਤ ਨਿਰਗੁਨ ਸਰੂਪ ਲਈ ਹੋਈ ਹੈ ਅਤੇ ਉਂਅਕਾਰ ਸਰਗੁਣ ਰਚਨਾਕਾਰ ਲਈ ਹੋਇਆ ਹੈ- *ਓਅੰਕਾਰ ਏਕੋ ਰਵਿਰਹਿਆ ਸਭ ਏਕਸ ਮਾਹਿ ਸਮਾਵੈਗੋ॥* (ਪੰਨਾ 1310) *ਅਤੇ ਓਅੰਕਾਰ ਸਭ ਸ੍ਰਿਸਟਿ ਉਪਾਈ॥ ਸਭ ਖੇਲੁ ਤਮਾਸਾ ਤੇਰੀ ਵਡਿਆਈ॥* (ਪੰਨਾ 1081) ਨਿਰਗੁਣ ਤੋਂ ਸਰਗੁਣ ਦਾ ਇਹ ਵਿਵੇਚਨ ਏਕਸਾਰਤਾ ਤੋਂ ਬਾਹਿਰ ਨਹੀਂ ਕਿਉਂਕਿ *ਨਿਰਗੁਣ ਆਪਿ ਸਰਗੁਨੁ ਭੀ ਓਹੀ। ਕਲਾ ਧਾਰਿ ਜਿਨਿ ਸਗਲੀ ਮੋਹੀ॥* (ਪੰਨਾ 287) ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਪ੍ਰਵਾਨ ਭਾਈ ਗੁਰਦਾਸ ਜੀ ਦੀ ਦੂਜੀ ਵਾਰ ਦੀ ਪੰਦਰਵੀਂ ਪਉੜੀ ਸਪਸ਼ਟ ਕਰਦੀ ਹੈ- *ਏਕਾ ਏਕੰਕਾਰੁ ਲਿਖਿ ਦੇਖਾਲਿਆ। ਊੜਾ ਓਅੰਕਾਰ ਪਾਸਿ ਬਹਾਲਿਆ॥*

ਵੈਸੇ ਸਨਾਤਨੀ ਤਾਂ ਬ੍ਰਹਮ ਦੇ ਏਕਮੇਵਾਦਵੀਤੀਯਮ (ਇੱਕ ਤੋਂ ਦੋ ਹੋ ਜਾਣ) ਦੇ ਪ੍ਰਤੀਕ ਵਜੋਂ ਹੋਣ ਦੇ ਬਾਵਜੂਦ ਅ (ਵਿਸ਼ਨੂੰ-ਧਰਤਾ) ਓ (ਬ੍ਰਹਮਾ-ਕਰਤਾ) ਤੇ ਮ (ਸ਼ਿਵ-ਹਰਤਾ) ਦੀ ਤ੍ਰਿਮੂਰਤੀ ਦੀ ਵਿਆਖਿਆ ਦਿੰਦਾ ਹੈ ਜੋ ਮਗਰੋਂ ਅ-ਓ-ਮ ਤੋਂ ਅ-ਹ-ਮ ਹੋ ਗਿਆ ਕਿਉਂਕਿ ਇਹ ਤਿੰਨੇ ਸਤ-ਰਜ-ਤਮ ਤਿੰਨ ਗੁਣਾਂ ਦੇ ਪ੍ਰਤੀਕ ਬਣ ਗਏ- *ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹੁ ਤੇਰੀ ਸਭ ਮਾਇਆ॥* (ਪੰਨਾ 1123)

2. ਲੇਖਕ ਅਨੁਸਾਰ, "ਪ੍ਰਮਾਤਮਾ ਦੀ ਭਗਤੀ ੧ਓ, ਹਰਿ ਹਰਿ ਤੇ ਰਾਮ ਰਾਮ ਸ਼ਬਦਾਂ ਰਾਹੀਂ ਹੀ ਕੀਤੀ ਜਾਣੀ ਸੋਹਬਦੀ ਹੈ, ਅਤੇ ਇਸ ਪ੍ਰਥਾਏ ਗੁਰਬਾਣੀ ਵਿੱਚ ਹਰਿ ਦੀ 8344 ਵਾਰੀ ਤੇ ਰਾਮ ਦੀ 2033 ਵਾਰੀ ਵਰਤੋਂ ਗਿਣਤੀ ਵੀ ਦੱਸੀ ਹੈ। ਜਦ ਕਿ ਵਾਹਿਗੁਰੂ ਦੀ ਵਰਤੋਂ 13 ਵਾਰੀ ਦੱਸੀ ਹੈ ਤੇ ਇਸ ਅਖਰ ਰਾਹੀਂ ਪ੍ਰਮਾਤਮਾ ਦਾ ਸਿਮਰਨ ਕਰਨ ਦੀ ਕੋਈ ਤਰਜੀਹ ਨਹੀਂ ਦਿੱਤੀ ਗਈ ਦਾ ਉਲੇਖ ਵੀ ਕੀਤਾ ਹੈ। ਵਾਹਿਗੁਰੂ ਦੀ ਜਨਮਸਾਖੀਆਂ ਅਨੁਸਾਰ ਸਿਰਜਨਾ ਦੇ ਵਿਸਤਾਰ ਵਿੱਚ ਨਾ ਜਾਂਦੇ ਹੋਏ ਭਾਈ ਗੁਰਦਾਸ ਜੀ ਦੀ ਕੀਤੀ ਉਸਤਤਿ, ਵਿਚਾਰ ਤੇ ਰੂਪ ਦਾ ਸੰਖੇਪ ਉਲੇਖ ਕਰਕੇ ਲੇਖਕ ਨੂੰ ਗੰਭੀਰ ਅਧਿਐਨ ਦੀ ਬੇਨਤੀ ਕੀਤੀ ਜਾਂਦੀ ਹੈ।

*ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।*
*ਦੁਆਪਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿਨਾਮੁ ਜਪਾਵੈ।*

*ਤੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ।*
*ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ।*
*ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।*
*ਚਾਰੋ ਅਛਰ ਇਕੁ ਕਰਿ ਵਾਹਗੁਰੂ ਜਪੁ ਮੰਤ੍ਰ ਜਪਾਵੈ।*
*ਜਹ ਤੇ ਉਪਜਿਆ ਫਿਰਿ ਤਹਾ ਸਮਾਵੈ।।੪੯।।* ਪਹਿਲੀ ਪਉੜੀ।

ਅਤੇ

*ਸਬਦੁ ਗੁਰੂ ਗੁਰੁ ਵਾਹੁ ਗੁਰਮੁਖ ਪਾਇਆ।*
*ਪਉਣੁ ਗੁਰੂ ਗੁਰ ਸਬਦ ਹੈ ਵਾਹਗੁਰ ਗੁਰੁ ਸਬਦੁ ਸੁਣਾਇਆ।।* (5-6) ਵਾਰ 6
*ਵਾਹਗੁਰੂ ਗੁਰਮੰਤ ਹੈ ਜਪਿ ਹਉਮੈ ਖੋਈ।* ਪੰਨਾ 2 ਵਾਰ 13
*ਵਾਹਗੁਰੂ ਗੁਰ ਸਬਦ ਸੁਣਾਇਆ।* ਪੰਨਾ 1 ਵਾਰ 24

3. ਲੇਖਕ ਅਨੁਸਾਰ ਅੰਮ੍ਰਿਤਧਾਰੀਆਂ ਦੀ ਗਿਣਤੀ ਵਧਾਉਣ ਦੀ ਬਜਾਏ ਆਚਰਣ ਦਾ ਮਿਆਰ ਉੱਚਾ ਕਰਨ ਲਈ ਅਮਲੀ ਸਿੱਖੀ ਜ਼ਰੂਰੀ ਹੈ। ਗੁਰਦੁਵਾਰਾ ਚਰਣ ਪਾਹੁਲ ਦੀ ਰੀਤ ਨੂੰ ਸੰਗਤ ਦਵਾਰਾ ਵੰਡੀ ਜਾਣ ਵਾਲੀ ਖੰਡੇ ਪਾਹੁਲ ਦੀ ਦੀਖਿਆ ਗੁਰਸਿੱਖ ਨੂੰ ਅਮਲੀ ਜੀਵਨ ਦੀ ਦੀਖਿਆ ਦੇਕੇ ਹੀ ਖਾਲਸਾ ਜਾਂ ਸ਼ੁਧ ਕਰਮਾਂ ਵਾਲਾ ਮਨੁੱਖ ਸਿਰਜਦੀ ਹੈ। ਇਸ ਦੀ ਦੀਖਿਆ ਸਮੇਂ ਛਕਣ ਲਈ, ਅੱਖਾਂ ਵਿੱਚ ਤੇ ਕੇਸਾਂ ਵਿੱਚ ਪੰਜ ਪੰਜ ਛਿੱਟੇ ਮਾਰਨ ਸਮੇ ਬੋਲ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਵਾਹਿਗੁਰੂ ਗੁਰਮੰਤ੍ਰ ਵੀ ਦ੍ਰਿੜਾਇਆ ਜਾਂਦਾ ਹੈ। ਲੇਖਕ ਦੀ ਇਹੀ ਸਾਰੀ ਪਰਿਭਾਸ਼ਾ ਤੇ ਵਿਆਖਿਆ ਗੁਰਮਤਿ ਗਿਆਨ ਹੈ ਜਿਸ ਤੇ ਖੰਡੇ ਪਾਹੁਲ ਦੀ ਮੋਹਰ ਲਗਣ ਨਾਲ ਇੱਕ ਅਸ਼ਟਾਮ ਦਸਤਾਵੇਜ਼ ਬਣ ਜਾਂਦਾ ਹੈ।

◆ ◆ ◆

*ਅੰਮ੍ਰਿਤ ਬੋਲੇ ਸਦਾ ਮੁਖ ਵੈਣੀ।। ਅੰਮ੍ਰਿਤ ਵੇਖੈ ਪਰਖੈ ਸਦਾ ਨੈਣੀ।।* (ਪੰਨਾ 118)

'ਅੰਮ੍ਰਿਤ ਕੀਰਤਨ' ਦਾ ਨਵੰਬਰ ਅੰਕ ਆਪਣੇ ਆਪ ਵਿੱਚ ਕੁਝ ਵਿਸ਼ੇਸ਼ਤਾਵਾਂ ਨਾਲ ਇੱਕ ਸੰਭਾਲਣ ਯੋਗ ਤੇ ਯਾਦਗਾਰੀ ਅੰਕ ਬਣ ਗਿਆ ਹੈ।

'ਅੰਮ੍ਰਿਤ ਕੀਰਤਨ' ਟ੍ਰਸਟ ਵਲੋਂ ਨਿਰਧਾਰਤ ਰਾਗਾਂ ਵਿੱਚ ਬਾਲ ਕੀਰਤਨ ਦਰਬਾਰ ਦਾ ਪਲੇਠਾ ਉੱਦਮ ਅਤੇ ਇਸ ਦੀ ਸਜੀਵ ਰਿਪੋਰਟਿੰਗ ਕਰਦਾ ਜਗਦੀਸ਼ ਕੌਰ ਦਾ ਲੇਖ, ਇਸ ਟ੍ਰਸਟ ਦੀ ਚੜ੍ਹਦੀ ਕਲਾ ਦੇ ਝੰਡੇ ਗੱਡ ਰਿਹਾ ਹੈ। ਇਸ ਉਪਰਾਲੇ ਪ੍ਰਤੀ ਡਾ. ਗੁਰਦੇਵ ਸਿੰਘ ਸਿੱਧੂ ਦੇ ਸੁਲਝੇ ਤੇ ਸੰਤੁਲਿਤ ਵਿਚਾਰ ਇਸ ਸਾਦਗੀ ਭਰੇ ਪਰ ਨਵੀਂ ਪਿਰਤ ਵਾਲੇ ਸਮਾਗਮ ਪ੍ਰਤੀ ਸਟੀਕ ਪ੍ਰਮਾਣਪੱਤ੍ਰ ਕਹੇ ਜਾ ਸਕਦੇ ਹਨ। ਅਜਿਹੇ ਨਿਰੋਲ ਗੁਰਮਤਿ ਉਪਰਾਲੇ ਵਿੱਚ ਹਰ ਇੱਕ ਬਾਲ ਕੀਰਤਨੀਏ ਨੂੰ ਸਮਾਨ ਰੂਪ ਵਿੱਚ ਉਤਸਾਹਿਤ ਕਰਕੇ, "ਗੁਰਸਿੱਖ ਮੀਤ ਚਲੋ ਗੁਰਚਾਲੀ" ਵਾਲੀ ਗੁਰਮਤਿ ਹੀ ਨਿਬਾਹੀ ਗਈ ਹੈ। ਕੁਝ ਵਕਤਾਵਾਂ ਦੇ ਕਹੇ ਸੁਝਾਅ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ ਨੂੰ ਸਵੀਕਾਰ ਜਾਂ ਅਸਵੀਕਾਰ ਕਰਨਾ ਸਮਾਯੋਜਕਾਂ ਦੇ ਮੰਤਵ, ਵਿਚਾਰਧਾਰਾ ਤੇ ਉਦੇਸ਼ ਨਾਲ ਸੰਬੰਧ ਰੱਖਦਾ ਹੈ। 'ਅੰਮ੍ਰਿਤ ਕੀਰਤਨ' ਦੀ ਸ਼ੈਲੀ, ਪਰੰਪਰਾ ਤੇ ਪ੍ਰਚਾਰ ਦੇ ਚਾਲੂ ਰਾਹ ਨੂੰ ਛੱਡ ਕੇ, ਗੁਰਮਤਿ ਦੇ ਸਹਿਜ ਦੀਆਂ ਨਵੀਂ ਲੀਹਾਂ ਉਲੀਕਣ ਲਈ ਪ੍ਰਦਰਸ਼ਿਤ ਹੁੰਦੀ ਹੈ। ਅਜਿਹੀ ਸ਼ਾਂਤ, ਸਹਿਜ ਤੇ ਸੰਤੁਲਿਤ ਤੋਰ ਵਿੱਚ ਗੁਰੂ ਗੋਰਖਨਾਦ ਗੂੰਜਦੇ ਹਨ- ਸਹਿਜੇ ਆਈਬੋ, ਸਹਿਜੇ ਜਾਈਬੋ, ਸਹਿਜੇ ਚਲੀਬੋ।

ਇਸ ਸਮਾਗਮ ਦੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਤੇ ਸੰਸਥਾਵਾਂ ਦਾ ਨਿਖੇੜ ਕੇ ਕ੍ਰਮਵਾਰ ਵੇਰਵਾ ਦਿੱਤਾ ਜਾਂਦਾ ਤਾਂ ਜਗਦੀਸ਼ ਕੌਰ ਦਾ ਲੇਖ ਜਿਆਦਾ ਸੁਭਾਇਮਾਨ ਹੋ ਸਕਦਾ ਸੀ। ਇਸ ਅੰਕ ਦੇ ਆਵਰਣ ਪੰਨਿਆਂ ਤੇ ਦਿੱਤੇ ਗਿਆਰਾਂ ਚਿੱਤਰਾਂ ਨੂੰ ਨੰਬਰ ਲਾ ਕੇ ਝਲਕਾਏ ਛਾਇਆ ਚਿੱਤਰਾਂ ਬਾਰੇ ਜਾਣਕਾਰੀ ਲਾਹੇਵੰਦ ਹੋਣੀ ਸੀ।

2. ਰਮੇਸ਼ ਸਿੰਘ ਦਾ ਲੇਖ, "ਸਗਲ ਸੰਗਿ ਹਮਕੋ ਬਨਿਆਈ" ਖਾਲਸਾ ਸਮਾਚਾਰ ਦੇ 11 ਅਕਤੂਬਰ ਅੰਕ ਵਿੱਚ ਛਪਿਆ ਹੋਇਆ ਪੜ੍ਹਿਆ ਸੀ। ਪ੍ਰਸ਼ਨ ਉੱਤਰ ਢੰਗ ਨਾਲ ਇਸ ਲੇਖਕ ਦਾ ਕੋਈ ਅਜਿਹਾ ਲੇਖ ਪਹਿਲਾਂ ਵੀ ਨਜ਼ਰਾਂ ਵਿੱਚੋਂ ਗੁਜਰਿਆ ਚੇਤਾ ਆ ਰਿਹਾ ਹੈ। ਬੜਾ ਸੁਬੋਧ ਸਰਲ ਢੰਗ ਹੈ ਗੁਰਮਤਿ ਪ੍ਰਚਾਰ ਤੇ ਵਿਆਖਿਆ ਉਪਦੇਸ਼ ਦਾ।

ਉਪਨਿਸ਼ਦਾਂ ਵਿੱਚ ਇਹੋ ਢੰਗ ਵਰਤਿਆ ਗਿਆ ਹੈ ਅਤੇ ਜਨਮਸਾਖੀਆਂ ਵਿੱਚ ਪ੍ਰਸੰਗ ਵਸ਼ ਉਭਰੇ ਪ੍ਰਸ਼ਨਾਂ ਦਾ ਉੱਤਰ ਵੀ ਗੁਰਬਾਣੀ ਸ਼ਬਦਾਂ ਤੇ ਸਲੋਕਾਂ ਰਾਹੀਂ ਦਿੱਤਾ ਗਿਆ ਹੈ, ਭਾਵੇਂ ਮਗਰੋਂ ਜਨਮ ਸਾਖੀਆਂ ਦੀ ਬਹੁਤੀ ਬਾਣੀ ਟਕਸਾਲੀ ਪ੍ਰਵਾਨ ਨਾ ਹੋਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਹੈ। ਉਪਨਿਸ਼ਦਾਂ ਵਿੱਚ ਬਹੁਤ ਵੇਦਾਂ ਦੇ ਉੱਧਰਣ ਹੀ ਦਿੱਤੇ ਗਏ ਹਨ ਅਤੇ ਸੁਚੇਤ ਅਨੁਵਾਦਕਾਂ ਨੇ ਵੈਦਿਕ ਸੰਦਰਭਾਂ ਦਾ ਸਪਸ਼ਟ ਉਲੇਖ ਕਰਕੇ ਸੁਵਿਧਾ ਜਨਕ ਪਾਠ ਤਿਆਰ ਕੀਤੇ ਹਨ। ਗੁਰਬਾਣੀ ਟੁਕਾਂ ਨਾਲ ਅੰਕ ਪੰਨੇ ਦੇਣ ਦੀ ਪਰੰਪਰਾ ਅਜਿਹੀ ਪਠਨ ਸੁਵਿਧਾ ਦਿੰਦੀ ਹੈ।

3. ਪ੍ਰਿੰਸੀਪਲ ਰਾਜਿੰਦਰ ਸਿੰਘ ਜੀ ਦੀ ਸੰਗੀਤ ਸੇਵਾ ਬਾਰੇ ਦਿਆਲ ਸਿੰਘ ਜੀ ਨੇ ਸਟੀਕ ਜਾਣਕਾਰੀ ਦੇ ਕੇ ਪਾਠਕਾਂ ਦੀ ਪਿਪਾਸਾ ਨੂੰ ਤ੍ਰਿਪਤ ਕੀਤਾ ਹੈ। ਗੁਰਬਾਣੀ ਦੇ ਇਸ ਸੰਗੀਤ-ਬੋਹੜ ਦੀ ਪ੍ਰੇਰਨਾ ਤੇ ਸਿੱਖਿਆ ਨਾਲ ਪਲੇ ਪਲਮੇ ਕੀਰਤਨੀਆਂ ਦੀ ਲੰਮੀ ਲੜੀ ਨਾਲ ਸੰਗੀਤ ਸਿਖਿਆ ਕੇਂਦਰਾਂ ਨਾਲ ਇਸ ਗੁਰਮੁਖ ਦੇ ਜੁੜਾਵ ਦੀ ਜਾਣਕਾਰੀ ਪੜ੍ਹ ਕੇ ਫ਼ਖ਼ਰ ਮਹਿਸੂਸ ਹੁੰਦਾ ਹੈ। ਅਭੁੱਲ ਯਾਦਾਂ ਦੇ ਵੇਰਵਿਆਂ ਨਾਲ ਲੇਖਕ ਨੇ ਵਰਤਮਾਨ ਸਮੇਂ ਵਿੱਚ ਗੁਰਮਤਿ ਸੰਗੀਤ ਨਾਲ ਹੋ ਰਹੀ ਮਨਮਤ ਨੂੰ ਸਹਿਜੇ ਹੀ ਉਜਾਗਰ ਕਰ ਦਿੱਤਾ ਹੈ।

ਪ੍ਰਿੰਸੀਪਲ ਰਾਜਿੰਦਰ ਸਿੰਘ ਜੀ ਦੇ ਸੁਝਾਵ ਅਨੁਸਾਰ ਸੰਗੀਤ ਕੋਰਸ ਪੰਜ ਸਾਲ ਦਾ ਕਰ ਦਿੱਤਾ ਜਾਂਦਾ ਤਾਂ ਨਿਸ਼ਚਿਤ ਹੀ ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲਿਆਂ ਦਾ ਅਕਾਲ ਨਾ ਪੈਂਦਾ। ਸੰਸਥਾਵਾਂ ਵਿੱਚ ਤਾਂ ਕਿਸੇ ਵੀ ਧਰਮ ਦੇ ਉਸਤਾਦ ਜਾਂ ਸੰਗੀਤ ਗੁਰੂਆਂ ਕੋਲੋਂ ਅਜਿਹੀ ਗੰਭੀਰ ਸੰਗੀਤ ਸਿਖਿਆ ਦੇ ਕੋਰਸਾਂ ਲਈ ਸਹਿਯੋਗ ਸੇਵਾ ਲੈਣੀ ਸਦਾ ਸੰਭਵ ਹੈ। ਅੱਜ ਭਾਈ ਲਾਲ ਵਰਗੇ ਦਰਬਾਰ ਸਾਹਿਬ ਦੇ ਪੁਰਾਣੇ ਰਬਾਬੀਆਂ ਨੂੰ ਕੀਰਤਨ ਸੇਵਾ ਤੋਂ ਵੰਚਿਤ ਕਰਨ ਲਈ ਸਾਡੇ ਆਪਣੇ ਨਿਯਮ ਅਤੇ ਫਤਵੇ ਤਿਆਰ ਹਨ। ਅਜਿਹੇ ਉਸਤਾਦਾਂ ਰਾਹੀਂ ਗੁਰਮੁਖ ਕੀਰਤਨੀਏ ਜਾਂ ਰਬਾਬੀ ਤਿਆਰ ਕਰਨ ਦੀ, ਲੋੜ ਪੰਥ ਪ੍ਰਬੰਧਕਾਂ ਨੂੰ ਨਾ ਹੀ ਸੰਨ 1962 ਵਿੱਚ ਸੀ ਨਾ ਹੀ 2002 ਵਿੱਚ ਉਮੀਦੀ ਜਾ ਸਕਦੀ ਹੈ। ਆਖਿਰ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਪਰੰਪਰਾ ਦਾ ਪ੍ਰਦਰਸ਼ਨ ਦਾ ਸਬਬ ਨੀਰਸ ਰੇਗਿਸਤਾਨ ਦੇ ਨਖਲਿਸਤਾਨ ਹੀ ਕਹੇ ਜਾ ਸਕਦੇ ਹਨ। ਸੰਤ ਸੁੱਚਾ ਸਿੰਘ ਜਵੱਦੀ ਕਲਾਂ ਵਾਲਿਆਂ ਦੇ ਪ੍ਰਯਾਸਾਂ ਉੱਤੇ ਚਤੁਰ ਤੇ ਚਾਲਾਕ (ਵਪਾਰੀ) ਲੋਕਾਂ ਨੇ ਕਿਵੇਂ (ਸਿਆਸੀ) ਪਾਣੀ ਫੇਰ ਦਿੱਤਾ ਇਸ ਦਾ ਵੇਰਵਾ ਕਿਸੇ ਅਧਿਕਾਰਿਕ ਭੁਗਤ ਭੋਗਤਾਂ ਤੋਂ ਹੀ ਸੁਣਿਆ ਜਾ ਸਕਦਾ ਹੈ। ਡਾ. ਤਾਰਨ ਸਿੰਘ ਦਾ ਕਥਨ ਕਿ, "ਜਿੰਨਾ ਕੋਲ ਗੁਰੂ ਦੀਆਂ ਗੋਲਕਾਂ ਹਨ, ਉਹਨਾਂ ਨੂੰ ਧਰਮ ਪ੍ਰਚਾਰ ਦੀ ਸੋਝੀ ਨਹੀਂ ਅਤੇ ਜੋ ਧਰਮ ਦੇ ਪ੍ਰਚਾਰ ਪਸਾਰ ਦੀ ਸੂਝ ਰੱਖਦੇ ਹਨ ਉਹਨਾਂ ਪਾਸ ਮਾਇਆ ਦੀ ਸ਼ਕਤੀ ਨਹੀਂ ਇਹ ਇੱਕ ਦੁਖਦਾਈ ਤੇ ਸਦੀਵੀ ਹਕੀਕਤ ਹੈ। 1954 ਤੋਂ 1962 ਤਕ ਪ੍ਰਿੰਸੀਪਲ ਰਾਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ ਵਿੱਚ ਸੇਵਾ ਕੀਤੀ ਅਤੇ ਇੱਕ ਨਵੀਂ ਸੰਸਥਾ ਦਾ ਮੁਹਾਂਦਰਾ ਸਿਰਜਿਆ। ਜੇਕਰ ਉਹਨਾਂ ਦੇ ਗੁਰਮਤਿ ਸੁਝਾਵਾਂ ਤੇ ਅਮਲ ਕਰਕੇ ਪੰਜ ਸਾਲਾ ਕੋਰਸ ਬਣਾ ਦਿੱਤਾ ਜਾਂਦਾ ਤਾਂ ਬਹੁਤ ਸੰਭਵ ਹੈ ਇਹ ਵਿਦਿਆਲਾ ਅਜਿਹੀ ਗਤੀਸ਼ੀਲਤਾ ਨਾਲ ਇੱਕ ਸੰਗੀਤ ਵਿਸ਼ਵਵਿਦਿਆਲਾ ਬਣ ਕੇ ਗੁਰਮਤਿ ਸੰਗੀਤ ਗੀਤ ਦੀ ਵਿਲੱਖਣ ਸੰਸਥਾ ਹੋ ਨਿਬੜਦੀ। ਅਜਿਹੀ ਯੂਨੀਵਰਸਿਟੀ ਦੀ ਲੋੜ ਅੱਜ ਦੀ ਸਮਝ ਲਈ ਜਾਵੇ ਤਾਂ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਨਿਯਮ ਅਨੁਸਾਰ ਸ਼੍ਰੋਮਣੀ ਕਮੇਟੀ ਅਧੀਨ ਹਰੇਕ ਗੁਰੂਧਾਮ ਵਿੱਚ ਤੰਤੀ ਸਾਜ ਪ੍ਰਵੀਨ ਕੀਰਤਨੀਏ ਦੀ ਲਾਜ਼ਮੀ ਜ਼ਰੂਰਤ ਹੈ ਤੇ ਇਸ ਜ਼ਰੂਰਤ ਦੀ ਪੂਰਤੀ ਲਈ ਸਮੇਂ ਸਿਰ ਵਰਤੀ ਗੰਭੀਰਤਾ ਨਾਲ ਅੱਜ ਗੁਰਮਤਿ ਸੰਗੀਤ ਦਾ ਭਵਿੱਖ ਉੱਜਲਾ ਹੀ ਹੋਣਾ ਸੀ।

ਨਾਮਧਾਰੀ ਸੰਪਰਦਾ ਦੀ ਸੰਗੀਤ ਪਰੰਪਰਾ ਦੇ ਲੇਖ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਇਸ ਸਮਾਜ ਵਿੱਚ ਗੁਰਮਤਿ ਸੰਗੀਤ ਦੀ ਚਾਹਤ ਪੂਰਤੀ ਲਈ ਚਲੇ ਪ੍ਰਯਾਸ ਇੱਕ ਅਕਾਦਮਿਕ ਉਪਲਬਧੀ ਅਤੇ ਪ੍ਰਸੰਸਾਯੋਗ ਪ੍ਰਾਪਤੀ ਬਣ ਕੇ ਉਭਰੇ ਹਨ। ਇੱਥੇ ਫੇਰ ਨਿਯਮ ਅਤੇ ਫਤਵੇ ਆੜੇ ਆਉਂਦੇ ਹਨ ਅਤੇ ਤੰਤੀ ਸਾਜਾਂ ਦੇ ਮਾਹਿਰ ਨਾਮਧਾਰੀ ਕੀਰਤਨੀਏ ਗੁਰੂ ਧਾਮਾਂ ਵਿੱਚ ਕੀਰਤਨ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦੀ ਗੁਰੂ ਨਿਸ਼ਠਾ ਦਸ਼ਮੇਸ਼ ਗੁਰੂ ਤੋਂ ਅੱਗੇ ਤੁਰਦੀ ਹੈ। ਮਿਸਲਾਂ ਦੀ ਅਜਿਹੀ ਸਿਆਸਤ ਨੇ ਸਿੱਖ ਰਾਜ ਕਾਇਮ ਹੋਣ ਤੋਂ ਬਾਦ ਜਾਤ ਪਾਤ ਅਧਾਰਿਤ ਧੜੇਬੰਦੀਆਂ ਤੋਂ ਉਪਜੇ ਗ੍ਰਿਹ ਯੁੱਧ ਦਾ ਮਾਹੌਲ ਸਿਰਜ ਦਿੱਤਾ ਸੀ। ਬਾਬਾ ਜੱਸਾ ਸਿੰਘ ਰਾਮਗੜ੍ਹੀਏ ਨਾਲ ਹੋਈ ਪੰਥਕ ਸਦੀ ਅਤੇ ਇਸ ਸੂਰਮੇ ਦੀ ਪੰਥ ਭਗਤੀ ਬਾਰੇ ਪੜ੍ਹ ਕੇ ਜਿੰਨਾ ਮਰਜੀ ਮਾਣ ਕਰ ਲਈਏ ਪਰ ਸਾਡੇ ਜਾਤ ਆਧਾਰਿਤ ਸਿਰਜੇ ਹੋਏ ਗੁਰਦਵਾਰੇ ਸਾਡੀ ਖੰਡਨ ਨੀਤੀ ਹੀ ਪ੍ਰਗਟ ਕਰਦੇ ਹਨ। ਕੀਰਤਨ ਗੁਰਬਾਣੀ ਦਾ ਹੁੰਦਾ ਹੈ ਜਿਸਦੇ ਰਚਨਾਕਾਰ ਗੁਰੂ

ਵਿਅਕਤੀਆਂ ਤੋਂ ਇਲਾਵਾ ਉਨ੍ਹਾਂ ਤੋਂ ਪਹਿਲੀਆਂ ਦੋ ਸਦੀਆਂ ਵਿੱਚ ਹੋਏ ਹਰ ਜਾਤ ਅਤੇ ਧਰਮ ਦੇ ਪ੍ਰਭੂ ਪ੍ਰੇਮੀ ਏਕੇ ਇਕਈਸ਼ਵਰਵਾਦੀ ਅਤੇ ਮਾਨਵਤਾ ਪ੍ਰੇਮੀ ਸੰਤ ਫਕੀਰ ਵੀ ਹਨ।

4. ਗੁਰਜੰਤ ਸਿੰਘ ਰਾਹੀ ਦੀ ਕਲਮ ਨੇ ਭਾਈ ਸੰਤਾ ਸਿੰਘ ਜੀ ਤਬਲਾ ਵਾਦਕ ਦੀ ਸ੍ਰੇਸ਼ਟਤਾ ਬਾਰੇ ਰੋਸ਼ਨੀ ਪਾਈ ਹੈ। ਅਜਿਹੇ ਉਸਤਾਦਾਂ ਰਾਹੀਂ ਗੁਰਮਤਿ ਸੰਗੀਤ ਵਿਦਿਆਲਾ ਵਿੱਚ ਸਿਖਲਾਈ ਕੀਤੀ ਕਰਾਈ ਜਾਂਦੀ ਤਾਂ ਸ਼ਾਗਿਰਦਾਂ ਦੇ ਨਾਮ ਕੇਵਲ ਉਂਗਲਾਂ ਤੇ ਹੀ ਨਾ ਗਿਣੇ ਜਾਂਦੇ। ਸੰਨ 1955 ਦੀ ਘਟਨਾ ਬਾਰੇ ਸੰਗੀਤ ਅਕਾਡਮੀ ਦੇ ਮੁਖੀ ਦਾ ਨਾਮ ਦਿੱਤਾ ਜਾਂਦਾ ਤਾਂ ਬਿਹਤਰ ਸੀ। ਇਸੇ ਤਰ੍ਹਾਂ, 1945 ਈ: ਵਾਲੇ ਗਾਇਕ ਦਾ ਨਾਮ ਦੇਣ ਨਾਲ ਪ੍ਰਸੰਗ ਵਾਰਤਾ ਜ਼ਿਆਦਾ ਤੱਥ ਪਰਕ ਪ੍ਰਮਾਣਿਕ ਹੋ ਜਾਣੀ ਸੀ।

5. ਪ੍ਰੋ. ਨਰਿੰਦਰ ਸਿੰਘ ਨੇ ਬੜੀ ਨਿਮਰਤਾ ਤੇ ਨਿਰਮਾਨਤਾ ਨਾਲ ਸੰਸਥਾਗਤ ਕੀਰਤਨ ਜੁਗਤ ਦਾ ਗੰਭੀਰ ਸੁਆਲ ਉਠਾ ਕੇ ਸਮਾਧਾਨ ਵੀ ਦਿੱਤਾ ਹੈ। ਅਜਿਹੇ ਵਿਸ਼ੇ ਅਜਿਹੀ ਗੁਰਮਤਿ ਨਾਲ ਛੋਹੇ ਜਾਣ ਅਤੇ ਸੁਲਝਾਏ ਜਾਣ ਤਾਂ ਬਿਨਾਂ ਖਰਚ ਅਤੇ ਤਨਾਵ ਦੇ ਵਿਰਸੇ ਦੇ ਸੰਭਾਲ ਦੀ ਪਰੰਪਰਾ ਗੌਰਵ ਪੂਰਨ ਹੋ ਸਕਦੀ ਹੈ।

ਉਪਰੋਕਤ ਵਿਸ਼ਿਸ਼ਠ ਲੇਖਾਂ ਦੇ ਨਾਲ ਮਿਲੀ ਜਾਣਕਾਰੀ ਅਤੇ ਹਕੀਕਤ ਵਰਤੋਂ ਦੀ ਚੇਤਨਾ ਨਾਲ ਸਾਰੇ ਲੇਖ ਇੱਕ ਦੂਜੇ ਦੇ ਪੂਰਕ ਬਣ ਗਏ ਹਨ। ਅਜਿਹੀ ਸੰਤੁਲਿਤ ਪ੍ਰਸਤੁਤੀ ਨਾਲ ਹੀ 'ਅੰਮ੍ਰਿਤ ਕੀਰਤਨ' ਦਾ ਇਹ ਅੰਕ ਸਹੇਜ ਸੰਭਾਲ ਦੇ ਸਾਰਥਕ ਨਾਮਧਾਰੀ ਪ੍ਰਯਤਨਾਂ ਦੀ ਜਾਣਕਾਰੀ ਨਾਲ ਚਿੰਤਨਸ਼ੀਲ ਸੰਗੀਤ ਸ੍ਰੇਣੀਆਂ ਦੇ ਸੰਕਲਪਾਂ ਦੀ ਜਾਣਕਾਰੀ ਵੀ ਮਿਲਦੀ ਹੈ। ਜਵੱਦੀ ਕਲਾਂ ਤੋਂ ਬੜੀਆਂ ਆਸਾਂ ਬੱਝੀਆਂ ਸਨ ਅਤੇ ਅੱਜ ਇਸ ਪਵਿੱਤ੍ਰ ਉਪਰਾਲੇ ਬਾਰੇ ਮਿਲੇ ਸੰਕੇਤ ਨਿਰਾਸ਼ਾ ਜਨਕ ਲਗਦੇ ਹਨ। ਸਿੱਖ ਪੰਥ ਵਿੱਚ ਦਸਵੰਧ ਦੀ ਸਟੀਕ ਵਰਤੋਂ ਦੇ ਚਾਹਵਾਨ ਅਤੇ ਸੁਵਿਧਾ ਭੋਗੀਆਂ ਨਾਲ ਸਿੱਧਾ ਸੰਪਰਕ ਕਰਨਾ ਆਤਮ ਸਨਮਾਨ ਵਿਰੋਧੀ ਹੋ ਜਾਂਦਾ ਹੈ। ਜੇਕਰ ਇਹ ਸੰਪਰਕ ਸੇਵਾ, ਨਿਰਲੇਪ ਤੇ ਨਿਸਵਾਰਥ ਪੰਥ ਸੇਵੀਆਂ ਵਲੋਂ ਹੋ ਸਕੇ ਤਾਂ ਅਹਮ ਆੜੇ ਨਹੀਂ ਆਵੇਗਾ। ਵਾਸਤਵ ਵਿੱਚ 'ਅੰਮ੍ਰਿਤ ਕੀਰਤਨ' ਰਸਾਲੇ ਦੇ ਨਿਰੋਲ ਸੇਵਾ ਭਾਵੀ ਉਦੇਸ਼ ਨੂੰ ਸਮਝ ਬੂਝ ਕੇ ਵੀ ਨਿੱਜੀ ਤੌਰ ਤੇ ਕੋਈ ਸਹਿਯੋਗੀ ਸੰਦਰਭ ਸਿਰਜਨ ਤੋਂ ਬਗੈਰ ਕਿਸੇ ਹੋਰ ਪ੍ਰੇਮੀ ਨੂੰ ਪ੍ਰੇਰਣਾ ਆਦਰਸ਼ ਨਹੀਂ ਦਿੱਤਾ ਜਾ ਸਕਦਾ। ਡਾ. ਜਾਗੀਰ ਸਿੰਘ ਜੀ ਤੇ ਉਨ੍ਹਾਂ ਦੀ ਸਹਿਯੋਗੀ ਟੀਮ ਨੇ ਸੀਮਤ ਸੁਵਿਧਾਵਾਂ ਵਿੱਚੋਂ ਬਾਲ ਕੀਰਤਨ ਦਰਬਾਰ ਦੀ ਪਹਿਲ ਨਾਲ ਆਪਣੀ ਆਗਾਮੀ ਪੈੜਾਂ ਦਾ ਭੁਲੇਖਾ ਨਹੀਂ ਰਹਿਣ ਦਿੱਤਾ। ਗੁਰੂ ਚਰਣਾਂ ਵਿੱਚ ਅਰਦਾਸ ਹੈ ਕਿ ਇਸ ਸ਼੍ਰੋਮਣੀ ਸੰਸਥਾ ਨੂੰ ਗੁਰਮਤਿ ਦਾ ਚਾਨਣ ਮੁਨਾਰਾ ਸਿਰਜਣ ਲਈ ਆਪਣਾ ਬਿਰਦ ਸਮਾਲ ਅਤੇ ਆਪਣੇ ਸੇਵਕਾਂ ਨੂੰ ਉਤਸ਼ਾਹ ਹੁਲਾਰ ਬਖ਼ਸ਼!!

– ***ਕਰਤਾਰ ਸਿੰਘ ਨੀਲਧਾਰੀ,*** 162-ਏ ਗਰੇਨ ਮਾਰਕੀਟ, ਚੰਡੀਗੜ੍ਹ

★ ਮੈਂ ਇਹ ਪੱਤ੍ਰਿਕਾ ਭਾਈ ਸਾਹਿਬ ਸ੍ਰ. ਰਾਜਿੰਦਰ ਸਿੰਘ ਜੀ ਅਤੇ ਭਾਈ ਸਾਹਿਬ ਸ. ਭੁਪਿੰਦਰ ਸਿੰਘ ਜੀ ਦੀ ਸਲਾਹ ਤੇ ਜਾਰੀ ਕਰਵਾਇਆ ਹੈ। ਤਾਂ ਜੋ ਮੈਂ ਵੀ ਗੁਰਬਾਣੀ ਦੇ ਸ਼ਬਦ ਗਾਇਨ ਕਰ ਸਕਾਂ। ਮੈਂ ਤਾਂ ਇੱਕ ਸਿਖਾਂਦਰੂ ਹਾਂ। ਇਹ ਦੋ ਰਸਾਲੇ ਜੋ ਮੇਰੇ ਪਾਸ ਆਏ ਹਨ। ਇਹ ਸੰਗੀਤ ਦੇ ਬਹੁਤ ਅੱਛੇ ਜਾਣੂੰ ਲੋਕਾਂ ਵਾਸਤੇ ਹਨ। ਇਸ ਲਈ ਬੇਨਤੀ ਹੈ ਕਿ ਸਿਖਾਂਦਰੂਆਂ ਲਈ ਕੋਈ ਆਸਾਨ ਸ਼ਬਦ ਹਰ ਰਸਾਲੇ ਵਿੱਚ ਜ਼ਰੂਰ ਆਉਣਾ ਚਾਹੀਦਾ ਹੈ। ਅਸਲ ਵਿੱਚ ਇਸ ਰਸਾਲੇ ਵਿੱਚ ਸਿਖਾਂਦਰੂਆਂ ਵਾਸਤੇ ਕੋਈ ਕਾਲਮ ਨਹੀਂ ਹੈ।

ਇਸ ਪੱਤ੍ਰਿਕਾ ਦਾ ਟਾਈਪ ਮੋਟਾ ਹੋਣਾ ਚਾਹੀਦਾ ਹੈ ਤਾਂ ਕਿ ਹਰ ਉਮਰ ਦਾ ਬੰਦਾ ਆਸਾਨੀ ਨਾਲ ਪੜ੍ਹ ਸਕੇ।

ਇਸ ਪੱਤ੍ਰਿਕਾ ਦਾ ਮਨੋਰਥ "ਗੁਰਮਤਿ ਸੰਗੀਤ ਸੰਬੰਧੀ ਹੈ। ਲੇਕਿਨ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਕਈ ਲੇਖ ਆਪਣੇ ਮਨੋਰਥ ਦੇ ਆਸੇ ਤੋਂ ਬਾਹਰ ਦੇ ਹਨ। ਜਿਸ ਤਰ੍ਹਾਂ ਅਕਤੂਬਰ 2001 ਰਸਾਲੇ ਵਿੱਚ ਲੇਖ ਹੈ।" ਚੋਣਾਂ ਵਿੱਚ 'ਨਸ਼ੇ ਦੀ ਵਰਤੋਂ ਕਿਵੇਂ ਰੋਕੀਏ।' ਤੁਸੀਂ ਇਸ ਸੁਝਾਅ ਤੇ ਦੁਖੀ ਨਾ ਹੋਣਾ। ਸ਼ਾਇਦ ਤੁਸੀਂ ਠੀਕ ਹੋ ਸਕਦੇ ਹੋ। ਪਰ ਤੁਸੀਂ ਅਜਿਹੇ ਲੇਖਾਂ ਦੀ ਬਜਾਇ ਇਹ ਕਾਲਮ ਕੀਰਤਨ ਦੇ ਸਿਖਾਂਦਰੂਆਂ ਵਾਸਤੇ ਵਰਤ ਸਕਦੇ ਹੋ। ਕੇਵਲ ਬਾਣੀ ਦੇ ਸ਼ਬਦਾਂ ਦਾ ਪ੍ਰਚਾਰ ਹੀ ਆਪਣਾ ਮਕਸਦ ਹੋਵੇ।

– *ਰਾਮ ਤੀਰਥ ਬਾਂਸਲ,* 197, ਸੈਕਟਰ 9, ਪੰਚਕੂਲਾ

★ ਆਪ ਜੀ ਨੇ ਸਚੀ-ਸੁਚੀ ਮੇਹਨਤ ਨਾਲ 'ਅੰਮ੍ਰਿਤ ਕੀਰਤਨ' ਨੂੰ ਇਸ ਉਚਾਈ ਤਕ ਪਹੁੰਚਾ ਦਿੱਤਾ ਹੈ ਜੀ। ਵਾਹਿਗੁਰੂ ਜੀ ਆਪ ਨੂੰ ਹੋਰ ਬਲ ਤੇ ਬੁੱਧੀ ਬਖਸਣ ਜੋ ਇਸ ਕਾਰਜ ਨੂੰ ਏਸੇ ਤਰ੍ਹਾਂ ਚਲਾਂਦੇ ਰਵ੍ਹੋ ਜੀ।

– ***ਪ੍ਰਕਾਸ਼ ਨੰਦਾ,*** Domet, P.O. Ashok Ashram Distt. Dehradun 248 125

# ਕਰਉ ਬੇਨੰਤੀਆ

## ਅੰਮ੍ਰਿਤ ਕੀਰਤਨ ਦੀ ਸਮੱਗਰੀ

'ਅੰਮ੍ਰਿਤ ਕੀਰਤਨ' ਵਿੱਚ ਛਪੀ ਸਮੱਗਰੀ ਬਾਰੇ ਪਾਠਕਾਂ ਦੇ ਪੱਤਰ ਆਉਂਦੇ ਰਹਿੰਦੇ ਹਨ। ਅਸੀਂ 'ਅੰਮ੍ਰਿਤ ਕੀਰਤਨ' ਦੀ ਸਮੱਗਰੀ ਦੀ ਚੋਣ ਵੇਲੇ ਕੀ ਨੀਤੀ ਅਪਨਾਉਂਦੇ ਹਾਂ- ਇਸ ਬਾਰੇ ਵੀ ਪਾਠਕ ਪੁੱਛਦੇ ਹਨ। ਕੁਝ ਸੱਜਣਾਂ ਦਾ ਵਿਚਾਰ ਹੈ ਕਿ 'ਅੰਮ੍ਰਿਤ ਕੀਰਤਨ' ਵਿੱਚ ਕੇਵਲ ਕੀਰਤਨ ਬਾਰੇ ਜਾਂ ਸੰਗੀਤ ਬਾਰੇ ਹੀ ਸਮੱਗਰੀ ਹੋਵੇ।

'ਅੰਮ੍ਰਿਤ ਕੀਰਤਨ' ਦੀ ਸਮੱਗਰੀ ਦੀ ਚੋਣ ਕਰਨ ਸਮੇਂ ਅਸੀਂ ਕੀਰਤਨ ਸਮੱਗਰੀ ਦੇਣ ਦੇ ਨਾਲ-ਨਾਲ ਗੁਰਮਤਿ ਅਤੇ ਸ਼ਖ਼ਸੀਅਤ ਦੀ ਉਸਾਰੀ ਲਈ ਵੀ ਸਮੱਗਰੀ ਦਿੰਦੇ ਹਾਂ। ਆਮ ਵੇਖਣ ਵਿੱਚ ਆਉਂਦਾ ਹੈ ਕਿ ਕਈ ਕੀਰਤਨੀਏ ਕੀਰਤਨ ਤਾਂ ਬੜਾ ਚੰਗਾ ਕਰਦੇ ਹਨ ਪਰ ਦੂਜਿਆਂ ਨਾਲ ਵਿਹਾਰ ਕਰਨ ਸਮੇਂ ਉਹ ਨਿੱਕੀਆਂ-ਨਿੱਕੀਆਂ ਅਣਗਹਿਲੀਆਂ ਕਾਰਨ ਆਪਣਾ ਸਤਿਕਾਰ ਗੁਆ ਲੈਂਦੇ ਹਨ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਉਹਨਾਂ ਦੀ ਸ਼ਖ਼ਸੀਅਤ ਦੀ ਉਸਾਰੀ ਵੀ ਹੋਵੇ। ਅਜਿਹੀ ਸਮੱਗਰੀ ਕੇਵਲ ਕੀਰਤਨੀਆਂ ਲਈ ਹੀ ਲਾਭਦਾਇਕ ਨਹੀਂ ਸਗੋਂ ਹੋਰ ਪਾਠਕਾਂ ਲਈ ਵੀ ਲਾਭਦਾਇਕ ਹੁੰਦੀ ਹੈ। ਇਸ ਲਈ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਦਾ ਘੇਰਾ ਹੋਰ ਵਿਸ਼ਾਲ ਹੋਣ ਦੀ ਸੰਭਾਵਨਾ ਵਧਦੀ ਹੈ।

'ਅੰਮ੍ਰਿਤ ਕੀਰਤਨ' ਲਈ ਜਦੋਂ ਲੇਖਕਾਂ ਦੀ ਸਮੱਗਰੀ ਪੁੱਜਦੀ ਹੈ ਤਾਂ ਅਸੀਂ ਕੇਵਲ 'ਅੰਮ੍ਰਿਤ ਕੀਰਤਨ' ਲਈ ਭੇਜੀ ਗਈ ਸਮੱਗਰੀ ਨੂੰ ਪਹਿਲ ਦਿੰਦੇ ਹਾਂ। ਕੋਈ ਕੋਈ ਮਹੱਤਵਪੂਰਨ ਲੇਖ ਅਸੀਂ ਦੁਬਾਰਾ ਵੀ ਛਾਪ ਲੈਂਦੇ ਹਾਂ। ਕਈ ਲੇਖਕ ਹੋਰਨਾਂ ਥਾਵਾਂ ਤੇ ਲੇਖ ਭੇਜ ਕੇ ਉਸਦੀ ਇੱਕ ਕਾਪੀ ਸਾਨੂੰ ਵੀ ਭੇਜ ਦਿੰਦੇ ਹਨ ਅਜਿਹੇ ਲੇਖਾਂ ਨੂੰ ਅਸੀਂ ਛਾਪਣ ਤੋਂ ਗੁਰੇਜ ਕਰਦੇ ਹਾਂ।

'ਅੰਮ੍ਰਿਤ ਕੀਰਤਨ' ਨੂੰ ਅਸੀਂ ਇੱਕ ਸਟੇਜ ਵਾਂਗ ਸਮਝਦੇ ਹਾਂ। ਇੱਥੇ ਕੀਰਤਨ, ਗੁਰਮਤਿ ਅਤੇ ਜ਼ਿੰਦਗੀ ਦੇ ਉਸਾਰੂ ਪੱਖਾਂ ਬਾਰੇ ਵਿਚਾਰ ਪੇਸ਼ ਕਰਨ ਦਾ ਹਰ ਇੱਕ ਨੂੰ ਹੱਕ ਹੈ।

'ਅੰਮ੍ਰਿਤ ਕੀਰਤਨ' ਵਿੱਚ ਛਪੀ ਸਮੱਗਰੀ ਬਾਰੇ ਸਾਡੇ ਮਤਭੇਦ ਹੋ ਸਕਦੇ ਹਨ ਪਰ ਅਸੀਂ ਉਹਨਾਂ ਨੂੰ ਆਪ ਪ੍ਰਗਟ ਨਹੀਂ ਕਰਦੇ। ਅਸੀਂ ਧੜੇ-ਬੰਦੀ ਵਿੱਚ ਨਹੀਂ ਪੈਣਾ ਚਾਹੁੰਦੇ। ਪਰ ਪਾਠਕਾਂ ਦੀ ਰਾਇ ਅਸੀਂ 'ਮਿਤ੍ਰ ਅਸਾਡੜੇ ਸੇਈ' ਕਾਲਮ ਵਿੱਚ ਜ਼ਰੂਰ ਛਾਪਦੇ ਹਾਂ। ਅਸੀਂ ਚਾਹੁੰਦੇ ਹਾਂ ਪਾਠਕ ਹੰਸ ਦ੍ਰਿਸ਼ਟੀ ਨਾਲ ਜੋ ਉਹਨਾਂ ਨੂੰ ਉਚਿਤ ਜਾਪੇ ਅਪਣਾ ਲੈਣ, ਨਹੀਂ ਤਾਂ ਛੱਡ ਦੇਣ। ਉਂਜ ਵੀ ਕਿਸੇ ਨੂੰ 'ਮਾਂਹ ਬਾਦੀ ਅਤੇ ਕਿਸੇ ਨੂੰ ਮਾਂਹ ਸਵਾਦੀ'।

ਬੇਅੰਤ ਆਰਥਕ ਔਕੜਾਂ ਦੇ ਬਾਵਜੂਦ ਵੀ ਅਸੀਂ 'ਅੰਮ੍ਰਿਤ ਕੀਰਤਨ' ਜਾਰੀ ਰੱਖਣ ਦੀ ਕੋਸ਼ਿਸ਼ ਵਿੱਚ ਹਾਂ। ਹੋ ਸਕਦਾ ਹੈ ਆਉਣ ਵਾਲੇ ਸਮੇਂ ਵਿੱਚ 'ਅੰਮ੍ਰਿਤ ਕੀਰਤਨ' ਦੇ ਪੰਨੇ ਘੱਟ ਹੋ ਜਾਣ। ਆਸ ਹੈ ਤੁਸੀਂ ਸਾਡਾ 'ਤਿਲਫੁਲ' ਜ਼ਰੂਰ ਪ੍ਰਵਾਨ ਕਰੋਗੇ।

ਨਿਰਧਾਰਿਤ ਰਾਗਾਂ ਵਿੱਚ ਕਰਵਾਏ ਬਾਲ ਕੀਰਤਨ ਦਰਬਾਰ ਦੀ ਕਾਫੀ ਸ਼ਲਾਘਾ ਹੋ ਰਹੀ ਹੈ। ਕਿਸੇ ਵੀ ਸ਼ਹਿਰ ਵਿੱਚ ਕੋਈ ਇਸ ਤਰ੍ਹਾਂ ਦਾ ਕੀਰਤਨ ਦਰਬਾਰ ਕਰਵਾਉਣਾ ਚਾਹੁੰਦਾ ਹੋਵੇ ਅਸੀਂ ਉਸ ਦੀ ਸਹਾਇਤਾ ਕਰਾਂਗੇ।

ਆਉਣ ਵਾਲੇ ਅੰਕਾਂ ਵਿੱਚ ਪਾਠਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਕੀਰਤਨ ਸਿਖਣ ਵਾਲਿਆਂ ਲਈ ਵਿਸ਼ੇਸ਼ ਪਾਠਲੜੀ ਸ਼ੁਰੂ ਕਰ ਰਹੇ ਹਾਂ।

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਪ੍ਰਭੂ-ਨਿਸਚਾ, ਗੁਰੂ-ਸ਼ਰਧਾ, ਸਿੱਖੀ ਸਿਦਕ ਅਤੇ ਪੰਥਕ ਹਿੱਤ


**ਡਾ. ਹਰਨਾਮ ਸਿੰਘ ਸ਼ਾਨ**

605, Sector 16, Chandigarh 160 015 (INDIA)


(ਸਮਕਾਲੀ ਗਵਾਹੀਆਂ ਅਤੇ ਅੱਖੀਂ-ਡਿੱਠੇ ਬਿਆਨਾਂ ਦੇ ਅਧਾਰ 'ਤੇ)

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇੱਕ ਵਿਦੇਸ਼ੀ ਕਾਰਿੰਦੇ, ਮੇਜਰ ਲਾਰੈਂਸ, ਨੂੰ ਕੋਟ ਕਾਂਗੜਾ ਦਾ ਪ੍ਰਬੰਧ ਸੌਂਪਣ ਲੱਗਿਆਂ 5 ਮਈ 1830 ਨੂੰ ਜੋ ਹਦਾਇਤਨਾਮਾ ਦਿੱਤਾ ਸੀ, ਉਸ ਵਿੱਚ ਇਹ ਸਾਫ ਦੱਸਿਆ ਸੀ ਕਿ:

ਸ੍ਰੀ ਅਕਾਲਪੁਰਖ ਜੀ ਆਪਣੇ ਇਸ ਸੇਵਕ ਉੱਤੇ ਸਦਾ ਦਿਆਲੂ ਰਹੇ ਹਨ। ...ਮੈਂ ਇਹ ਰਾਜ-ਭਾਗ ਉਨ੍ਹਾਂ ਦੀ ਮਿਹਰ ਅਤੇ ਉਨ੍ਹਾਂ ਦੇ ਹੀ ਬਖ਼ਸ਼ੇ ਹੋਏ ਬਲ ਤੇ ਬੁੱਧੀ ਰਾਹੀਂ ਫ਼ਤਹਿ ਕੀਤਾ ਹੈ।[1]

ਸ਼ੇਰੇ ਪੰਜਾਬ ਦੇ ਉਸ ਨਿਰਦੇਸ਼-ਪੱਤਰ ਦੇ ਇਹ ਵਾਕ ਸੌ-ਫੀ-ਸਦੀ ਠੀਕ ਹਨ। ਉਹ ਬੁਨਿਆਦੀ ਤੌਰ ਤੇ ਇੱਕ ਧਰਮੀ ਤੇ ਰੱਬ-ਪੂਜ ਜੀਊੜੇ ਸਨ। ਉਨ੍ਹਾਂ ਨੂੰ ਵਾਹਿਗੁਰੂ ਦੀ ਮਿਹਰ, ਸਤਿਗੁਰੂ ਦੀ ਕਿਰਪਾ ਅਤੇ ਖ਼ਾਲਸੇ ਦੀ ਬਖ਼ਸ਼ਸ਼ ਉੱਤੇ ਪੂਰਨ ਭਰੋਸਾ ਸੀ ਅਤੇ ਆਪਣੇ ਬਲ, ਬੁੱਧੀ ਤੇ ਰਾਜ-ਭਾਗ ਦਾ ਸੋਮਾ ਉਨ੍ਹਾਂ ਦੀ ਦਿਆਲਤਾ ਹੀ ਮੰਨਦੇ ਸਨ।

ਤਦੇ ਤਾਂ, ਉਨ੍ਹਾਂ ਦੇ ਰਾਜ-ਭਾਗ ਤੋਂ ਨਿੱਜੀ ਤੌਰ ਤੇ ਜਾਣੂ ਸੁਪ੍ਰਸਿੱਧ ਇਤਿਹਾਸਕਾਰ, ਕੈਪਟਨ ਕਨਿੰਘਮ ਨੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਹਰ ਕੰਮ ਤੇ ਹਰ ਸਰਗਰਮੀ ਗੁਰੂ ਦੀ ਖ਼ੁਸ਼ੀ ਲਈ, ਖ਼ਾਲਸੇ ਦੇ ਲਾਭ ਲਈ ਅਤੇ ਰੱਬ ਦੇ ਨਾਂ ਕੀਤੀ ਜਾਂਦੀ ਸੀ। ਉਹ ਆਪਣੀ ਹਕੂਮਤ ਬਾਰੇ ਲਿਖਦਿਆਂ ਜਾਂ ਬੋਲਦਿਆਂ, ਹਮੇਸ਼ਾਂ 'ਖ਼ਾਲਸਾ' ਪਦ ਵਰਤਦੇ ਸਨ। ਉਹ ਆਪਣੀ ਮੁਹਰ ਉੱਤੇ (ਜਿਵੇਂ ਕਿ ਹਰ ਸਿੱਖ ਆਮ ਤੌਰ ਤੇ ਲਿਖਦਾ ਹੈ) ਆਪਣਾ ਨਾਂ 'ਅਕਾਲ ਸਹਾਇ' ਦਾ ਅਗੇਤਰ ਲਾ ਕੇ ਵਰਤਦੇ ਸਨ, ਜਿਸ ਦਾ ਭਾਵ ਹੈ "ਰੱਬ ਮਦਦਗਾਰ ਹੈ, ਰਣਜੀਤ ਸਿੰਘ ਦਾ।"[2]

ਸਰ ਲੈਪਲ ਗਰਿਫ਼ਿਨ ਅਨੁਸਾਰ, ਉਨ੍ਹਾਂ ਦਾ ਨਿਸਚਾ ਸੀ ਕਿ ਉਹ "ਅਕਾਲਪੁਰਖ ਦੀ ਕਿਰਪਾ ਦੁਆਰਾ ਹੀ ਆਪਣਾ ਰਾਜ-ਕਾਜ ਚਲਾ ਰਹੇ ਸਨ। ਉਨ੍ਹਾਂ ਦੇ ਸਿੱਕਿਆਂ ਉੱਤੇ ਗੁਰੂ ਸਾਹਿਬ ਦਾ ਨਾਂ ਉਕਰਿਤ ਸੀ। ਉਹ ਆਪਣੇ ਲੋਕਾਂ (ਜਿਨ੍ਹਾਂ ਵਿੱਚ ਉਹ ਸਦਾ ਹਰ-ਮਨ-ਪਿਆਰੇ ਰਹੇ) ਲਈ, ਉਨ੍ਹਾਂ ਦੇ ਇੱਕ ਚੁਣੇ ਹੋਏ ਨੇਤਾ ਤੋਂ ਵਧੇਰੇ ਹੋਰ ਕੁਝ ਨਹੀਂ ਸਨ।"[3]

ਸ਼ੇਰੇ ਪੰਜਾਬ ਦੇ ਅਜਿਹੇ ਵਿਸ਼ਵਾਸ ਤੇ ਭਾਵਨਾ ਦੀ ਇੱਕ ਸੁੰਦਰ ਮਿਸਾਲ ਅਕਾਲਪੁਰਖ ਦੇ ਨਾਂ ਸਥਾਪਿਤ ਤੇ ਸਮਰਪਿਤ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਦੀ ਕੀਤੀ ਤੇ ਕਰਵਾਈ ਬੇਮਿਸਾਲ ਸੇਵਾ ਅਤੇ ਉਸ ਦਾ ਕੀਤਾ ਹੋਇਆ ਬੇਜੋੜ ਵਰਨਣ ਹੈ। ਉਸ ਦੀ ਪਾਵਨ ਇਮਾਰਤ ਨੂੰ ਸਜਾਉਣ ਤੇ ਉਸ ਨੂੰ ਸਵਰਨ ਮੰਦਰ ਬਣਾਉਣ ਲਈ, ਆਪ ਨੇ ਲੱਖਾਂ ਰੁਪਏ ਦਾ ਸੋਨਾ ਅਤੇ ਕੀਮਤੀ ਪੱਥਰ ਵਰਤ ਕੇ, ਵਰ੍ਹਿਆਂ-ਬਧੀ ਸੇਵਾ ਤੇ ਸੰਭਾਲ ਕੀਤੀ। ਪਰ ਉਸ ਦੇ ਮੁਹਰਲੇ ਬੂਹੇ ਉੱਤੇ ਜੋ ਸੂਚਨਾ-ਪੱਤਰ ਲਾਉਣ ਦੀ ਆਗਿਆ ਦਿੱਤੀ, ਉਹ ਅਕਾਲਪੁਰਖ ਦੇ ਗੁਣਾਂ ਦਾ ਵਰਨਣ ਕਰਦੇ ਗੁਰੂ ਨਾਨਕ ਸਾਹਿਬ ਦੇ ਮੂਲ-ਮੰਤਰ ਅਤੇ ਹੇਠ-ਲਿਖੀ ਇਬਾਰਤ ਦਾ ਧਾਰਨੀ ਹੈ :

"ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਸਿੱਖ ਜਾਣ ਕਰ, ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰ ਕੇ ਕਰਾਈ। ਸੰਮਤ 1887 ਬਿ:"[4]

1. Lawrance, Maj. S.M., **Adventures of an Officer in the Punjab in the service of Ranjit Singh**, Delhi 1842, London 1846, Vol. 1, p. 64
2. Cunningham, Capt. J.D., **History of the Sikhs**, London 1849, p. 152
3. Griffin, Sir L., **The Punjab Chiefs-Historical and Biographical Notices**, etc. Lahore 1893, Vol. 1, p. 85
4. ਇਹ ਲਿਖਤ ਉੱਥੇ ਇੱਕ ਸੁਨਹਿਰੀ ਪੱਤਰੇ ਉੱਤੇ ਅਜੇ ਤਕ ਇਸੇ ਤਰ੍ਹਾਂ ਉਕਰਿਤ ਹੈ।

ਹਰਿਮੰਦਰ ਸਾਹਿਬ ਦੀ ਆਪ ਵਲੋਂ ਸੰਨ 1830 ਵਿੱਚ ਸਮਾਪਤ ਹੋਈ ਅਜਿਹੀ ਅਨੂਠੀ ਤੇ ਮਹਾਨ ਸਵਰਨ-ਸੇਵਾ ਕਰਕੇ ਹੀ ਪੱਛਮੀ ਲੋਕਾਂ ਨੇ ਇਸ ਪਾਵਨ ਅਸਥਾਨ ਦਾ ਨਾਂ ਹੀ ਗੋਲਡਨ ਟੈਮਪਲ (ਭਾਵ ਸਵਰਨ ਮੰਦਰ) ਰੱਖ ਦਿੱਤਾ ਸੀ। ਮਿਸਾਲ ਵਜੋਂ, ਉਸ ਤੋਂ ਅੱਠ ਵਰ੍ਹੇ ਬਾਅਦ, ਸੰਨ 1838 ਵਿੱਚ, ਬਰਤਾਨਵੀ ਹਿੰਦੁਸਤਾਨ ਦੇ ਉਦੋਕੇ ਗਵਰਨਰ-ਜਨਰਲ, ਲਾਰਡ ਆਕਲੈਂਡ, ਦੀ ਕਲਾਕਾਰ ਭੈਣ, ਮਿਸ ਐਮਿਲੀ ਈਡਨ, ਨੇ ਜਦੋਂ ਇਸ ਦੇ ਦਰਸ਼ਨ ਕੀਤੇ ਸਨ ਤਾਂ ਇਸ ਉੱਤੇ ਚੜ੍ਹਾਏ ਗਏ ਨਵੇ-ਨਵੇਲੇ ਸੁਨਹਿਰੀ ਉਛਾੜ ਦਾ ਜਲਵਾ ਵੇਖਦਿਆਂ ਹੀ, ਉਸ ਦੀਆਂ ਅੱਖਾਂ ਚਕਾ-ਚੌਂਦ ਹੋ ਗਈਆਂ ਸਨ। ਤਦੇ ਤਾਂ ਉਸ ਨੇ ਉਦੋਂ ਹੀ ਆਪਣੀ ਵਲੈਤ-ਰਹਿ ਰਹੀ ਭੈਣ ਨੂੰ ਬੜੇ ਚਾਅ ਤੇ ਭਰੋਸੇ ਨਾਲ ਲਿਖਿਆ ਸੀ: "ਹਰਿਮੰਦਰ, ਸੱਚੀ-ਮੁੱਚੀ, ਖਰੇ ਸੋਨੇ ਦਾ ਹੈ ਅਤੇ, ਹਕੀਕੀ ਤੇ ਮੁਕੰਮਲ ਤੌਰ 'ਤੇ, ਸੋਨੇ ਨਾਲ ਮੜ੍ਹਿਆ ਹੋਇਆ ਹੈ ਜਿਸ ਉੱਤੇ ਅਤਿਅੰਤ ਸੁੰਦਰ ਮੀਨਾਕਾਰੀ ਵੀ ਕੀਤੀ ਹੋਈ ਹੈ।" [5] ਇਸੇ ਲਈ ਹੋਰ ਪ੍ਰਾਤਾਂ ਪ੍ਰਦੇਸਾਂ ਵਿੱਚ ਹੁਣ ਵੀ ਇਸ ਦਾ ਇਹੋ ਨਾਂ, ਭਾਵ ਗੋਲਡਨ ਟੈਮਪਲ, ਹੀ ਪ੍ਰਚਲਤ ਹੈ।

ਵਾਹਿਗੁਰੂ ਦੀ ਮਿਹਰ ਤੇ ਸਤਿਗੁਰੂ ਦੀ ਕਿਰਪਾ ਉੱਤੇ ਦਰਿੜ੍ਹ ਵਿਸ਼ਵਾਸ ਅਤੇ ਉਸ ਦੀ ਧੰਨਵਾਦਤਾ ਦਾ ਅਜਿਹਾ ਅਹਿਸਾਸ ਉਨ੍ਹਾਂ ਦੇ ਜੀਵਨ ਤੇ ਸੁਭਾ ਦਾ ਇੱਕ ਖ਼ਾਸਾ ਹੀ ਬਣਿਆ ਰਿਹਾ ਸੀ।

ਉਨ੍ਹਾਂ ਉੱਤੇ ਹੋਈ ਅਜਿਹੀ ਬਖ਼ਸ਼ਿਸ਼ ਅਤੇ ਉਸ ਪਿੱਛੇ ਕੰਮ ਕਰ ਰਹੀ ਦੈਵੀ ਸ਼ਕਤੀ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੇ ਇੱਕ ਸਮਕਾਲੀ ਹਿੰਦੀ ਕਵੀ, ਸ੍ਰੀ ਗਣੇਸ਼ ਦਾਸ ਪਿੰਗਲ, ਨੇ ਸੰਨ 1831 (ਲਪ.) ਵਿੱਚ ਲਿਖਿਆ ਸੀ:

ਚੜ੍ਹਤ ਸਿੰਘ ਨਾਤੀ ਭਇਓ, ਮਹਾਂ ਸਿੰਘ ਕੋ ਨੰਦ<br>
ਛੱਤ੍ਰ ਦੀਓ ਕਰਤਾਰ ਨੇ, ਸਰਬ ਸੁਖਨ ਕੋ ਕੰਦ।<br>
ਗੋਬਿੰਦ ਸਿੰਘ ਆਪ, ਦੀਨੋ ਬੜੋ ਪ੍ਰਤਾਪ,<br>
ਰਣਜੀਤ ਸਿੰਘ ਥਾਪ, ਜੋਤ ਆਪਣੀ ਸੁ ਪਾਇ ਕੇ। [5-ੳ]

ਇਸੇ ਲਈ ਤਾਂ ਉਨ੍ਹਾਂ ਨੇ ਇਹ ਰਾਜ-ਭਾਗ ਸੰਭਾਲਦਿਆਂ ਹੀ, ਸ਼ਾਹੀ ਸਿੱਕੇ ਤੇ ਝੰਡੇ ਨੂੰ 'ਅਕਾਲ ਸਹਾਇ' ਦਾ ਧਾਰਨੀ ਬਣਾਇਆ ਸੀ, ਅਤੇ ਸ਼ਾਹੀ ਫ਼ੁਰਮਾਨਾਂ ਤੇ ਚਿੱਠੀਆਂ-ਪੱਤਰਾਂ ਨੂੰ 'ਸ੍ਰੀ ਅਕਾਲਪੁਰਖ ਜੀ ਸਹਾਇ' ਦੇ ਸਿਰਨਾਵੇਂ ਨਾਲ ਸ਼ਿੰਗਾਰਿਆ ਸੀ। ਇਸ ਬਾਦਸ਼ਾਹੀ ਦਾ ਸਾਰਾ ਰਾਜ-ਕਾਜ ਆਪਣੀ ਜ਼ਾਤ, ਖ਼ਾਨਦਾਨ ਜਾਂ ਮਿਸਲ ਦੀ ਥਾਂ, ਉਨ੍ਹਾਂ ਦੇ ਸਾਜੇ-ਨਿਵਾਜੇ 'ਖ਼ਾਲਸਾ' ਦੇ ਨਾਂ ਉੱਤੇ ਹੀ ਆਰੰਭਦਿਆਂ, ਇਸ ਨੂੰ 'ਖ਼ਾਲਸਾ ਜੀ' ਜਾਂ 'ਸਰਕਾਰ ਖ਼ਾਲਸਾ' ਤੇ 'ਦਰਬਾਰ ਖ਼ਾਲਸਾ' ਆਖਿਆ ਸੀ। [6] ਇਉਂ ਹੀ, ਆਪਣੇ ਆਪ ਨੂੰ 'ਸੁਲਤਾਨ' ਜਾਂ 'ਬਾਦਸ਼ਾਹ' ਅਖਵਾਉਣ ਦੀ ਥਾਂ, 'ਸਿੰਘ ਸਾਹਿਬ' ਜਾਂ 'ਸਰਕਾਰ ਰਣਜੀਤ ਸਿੰਘ' ਸਦਵਾਉਣਾ ਬਿਹਤਰ ਸਮਝਿਆ ਸੀ। ਸਰਕਾਰੀ ਤੇ ਸਫਾਰਤੀ ਪੱਤਰ-ਵਿਹਾਰ ਵੀ 'ਖ਼ਾਲਸਾ ਜੀ' ਦੇ ਨਾਂ ਉੱਤੇ ਹੀ ਜਾਰੀ ਕੀਤਾ ਅਤੇ ਫ਼ੌਜਾਂ ਵਿੱਚ ਵੀ ਸਲਾਮ ਪ੍ਰਨਾਮ ਦੀ ਵਿਧੀ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਕਾਇਮ ਰੱਖੀ ਸੀ। ਆਪਣੇ ਸਭ ਤੋਂ ਵੱਡੇ ਕਿਲ੍ਹੇ ਦਾ ਨਾਂ ਖ਼ਾਲਸੇ ਦੇ ਸਾਜਨਹਾਰ, ਗੁਰੂ ਗੋਬਿੰਦ ਸਿੰਘ ਜੀ, ਦੇ ਨਾਂ ਤੇ ਹੀ 'ਗੋਬਿੰਦਗੜ੍ਹ' ਰੱਖਿਆ ਸੀ। [7]

25 ਦਸੰਬਰ 1822 ਈ. ਨੂੰ ਮਾਰਵਾੜ ਦੇ ਰਾਜਾ ਮਾਨ ਸਿੰਘ ਨੂੰ ਲਿਖੀ ਇੱਕ ਚਿੱਠੀ ਉਨ੍ਹਾਂ ਦੀ ਅਜਿਹੀ ਭਾਵਨਾ ਤੇ ਉਸ ਦੇ ਪ੍ਰਗਟਾਉ ਦੀ ਇੱਕ ਸੁੰਦਰ ਮਿਸਾਲ ਹੈ। ਉਸ ਵਿੱਚ ਉਸ ਦੇ ਰਾਜਕੁਮਾਰ ਦੇ ਚਲਾਣੇ ਦਾ ਅਫਸੋਸ ਪਰਗਟ ਕਰਦਿਆਂ ਲਿਖਿਆ ਹੈ: "ਸਾਨੂੰ ਇਹ ਗੱਲਾਂ 'ਰੱਬ ਦੀ ਰਜ਼ਾ' ਉੱਤੇ ਹੀ ਛੱਡਣੀਆਂ ਪੈਂਦੀਆਂ ਹਨ ਅਤੇ ਮੁੜ ਉਸੇ ਦੀ ਹੀ ਮਿਹਰ ਲਈ ਬੇਨਤੀ ਕਰਨੀ ਪੈਂਦੀ ਹੈ ਕਿ ਉਹ ਆਪ ਦੇ ਸ਼ੁਭ ਘਰਾਣੇ ਨੂੰ ਇੱਕ ਹੋਰ ਸਪੁੱਤਰ ਨਾਲ ਛੇਤੀ ਹੀ ਨਿਵਾਜਣ।... ਮੁਲਤਾਨ, ਕਸ਼ਮੀਰ, ਭੱਖਰ ਤੇ ਮਾਨਕੇਰੇ ਦਾ ਇਲਾਕਾ ਪਹਿਲਾਂ ਹੀ 'ਖ਼ਾਲਸਾ ਜੀ' ਦੇ ਅਧੀਨ ਹੋ

---

5. Eden, Miss Emily, **Up the Country: Letters written to her Sister from Upper Provinces of India**, London 1866, Vol. II, p. 31

5-ੳ. ਪਿੰਗਲ ਗਣੇਸ਼ ਦਾਸ, ਅਥ ਫਤਹਨਾਮਾ ਗੁਰੂ ਖ਼ਾਲਸਾ ਜੀ ਕਾ, ਲਾਹੌਰ-1831 (ਲ.ਪ.) ਮੁਲਤਾਨ ਯੁੱਧ, ਪੰ. 1,4

6. Cunningham, **History of the Sikns**, p. 152

7. Sinha, Prof. N.K., **Ranjit Singh**, Calcutta 1933, 4th ed., Calcutta 1960, p. 137

ਚੁੱਕਾ ਹੈ। ਇਸ ਵਰ੍ਹੇ 'ਖ਼ਾਲਸਾ ਫ਼ੌਜ' ਨੇ ਕਾਬਲ ਦਾ ਸੂਬਾ ਆਪਣੇ ਰਾਜ ਨਾਲ ਰਲਾ ਲੈਣ ਦਾ ਇਰਾਦਾ ਕੀਤਾ ਸੀ, ਪਰ ਸਮਦ ਖਾਨ... ਇਸ ਦੇ ਪੇਸ਼ਾਵਰ ਪਹੁੰਚਣ ਤੇ ਹੀ, 'ਖ਼ਾਲਸਾ ਜੀ ਦੇ ਦਰਬਾਰ' ਵਿੱਚ ਤੁਹਫੇ ਲੈ ਕੇ ਹਾਜ਼ਰ ਹੋ ਗਿਆ ਸੀ...।" [8]

ਉਹਨਾਂ ਦੀ ਅਜਿਹੀ ਭਾਵਨਾ ਤੇ ਨਿਸਚੇ ਦਾ ਹੀ ਜ਼ਿਕਰ ਕਰਦਿਆਂ ਅੰਗਰੇਜ਼ ਗਵਰਨਰ ਜਨਰਲ ਦੇ ਸੈਨਕ ਸਕੱਤਰ, ਕੈਪਟਨ ਔਜ਼ਬਰਨ, ਨੇ ਆਪਣੇ ਰੋਜ਼ਨਾਮਚੇ (1838 ਈ.) ਦੀ ਭੂਮਿਕਾ ਵਿੱਚ ਲਿਖਿਆ ਹੈ: "ਉਹ ਆਪਣੇ ਧਰਮ ਦੇ ਸਿਧਾਂਤਾਂ ਦੇ ਇੱਕ ਸਿਦਕੀ ਤੇ ਵਿਸ਼ਵਾਸ਼ੀ ਜੀਉੜੇ ਸਨ ਅਤੇ ਇਸ ਦੀ ਮਰਯਾਦਾ ਤੇ ਰਹੁ-ਰੀਤ ਦੇ ਬਾਕਾਇਦਾ ਪਾਬੰਦ ਸਨ। ਸਿੱਖਾਂ ਦੀ ਪਵਿੱਤਰ ਧਰਮ-ਪੁਸਤਕ, 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਉਨ੍ਹਾਂ ਨੂੰ ਨਿੱਤ ਸੁਣਾਇਆ ਜਾਂਦਾ ਸੀ।" [9]

ਇਸ ਗੱਲ ਦੀ ਸ਼ਾਹਦੀ ਤਾਂ ਕਰਨਲ ਵੈਡ ਦੇ ਮੁਨਸ਼ੀ ਤੇ ਮਹਾਰਾਜਾ ਸਾਹਿਬ ਦੇ ਇੱਕ ਹੋਰ ਸਮਕਾਲੀ, ਸ਼ਹਾਮਤ ਅਲੀ, ਨੇ ਵੀ ਭਰੀ ਹੈ, ਅਤੇ ਲਿਖਿਆ ਹੈ ਕਿ ਉਹ "ਗੁਰੂ ਗ੍ਰੰਥ ਸਾਹਿਬ ਦਾ ਪਾਠ ਡੇਢ ਕੁ ਘੰਟੇ ਲਈ ਰੋਜ਼ਾਨਾ ਸੁਣਦੇ ਹਨ।" [10]

ਸ਼ਾਹੀ ਮਹੱਲ ਵਿੱਚ ਸਭ ਤੋਂ ਉੱਚੀ ਅਟਾਰੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਿਵਾਸ ਤੇ ਪ੍ਰਕਾਸ਼ ਲਈ ਰਾਖਵੀਂ ਸੀ। ਉਨ੍ਹਾਂ ਦੀ ਹਰ ਪਲਟਣ ਵਿੱਚ 'ਗੁਰੂ ਗ੍ਰੰਥ ਸਾਹਿਬ' ਸਦਾ ਬਿਰਾਜਮਾਨ ਰਹਿੰਦੇ ਸਨ ਅਤੇ ਉਨ੍ਹਾਂ ਦੀ ਹਰ ਮੁਹਿੰਮ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀ ਸਵਾਰੀ ਸਰਪਰ ਸ਼ਾਮਲ ਹੁੰਦੀ ਸੀ। [11] ਤਦੇ ਤਾਂ ਪ੍ਰਿੰ. ਸੀਤਾ ਰਾਮ ਕੋਹਲੀ ਲਿਖਦੇ ਹਨ: "ਇੰਜ ਲਗਦਾ ਹੈ ਕਿ ਇਹ ਸ਼ਬਦ ਗੁਰੂ ਹੀ ਉਨ੍ਹਾਂ ਦੇ ਗਾਈਡ ਜਾਂ ਰਾਹ-ਦਸੇਰੇ ਸਨ, ਅਤੇ ਇਹੋ ਹੀ ਉਨ੍ਹਾਂ ਨੂੰ ਦਸਦੇ ਰਹਿੰਦੇ ਸਨ ਕਿ ਉਨ੍ਹਾਂ ਨੇ ਕੀ ਕੁਝ ਤੇ ਕਦੋਂ ਕੁ ਕਰਨਾ ਹੈ।" [12]

ਸੋ, ਸਿੱਖ ਧਰਮ ਦੇ ਜ਼ਾਹਿਰਾ-ਜ਼ਹੂਰ ਤੇ ਜੁੱਗੋ-ਜੁੱਗ ਅਟੱਲ ਇਸ਼ਟ, ਗੁਰੂ ਗ੍ਰੰਥ ਸਾਹਿਬ ਦੀ ਇਸ਼ਟਤਾ, ਬਰਕਤ ਤੇ ਬਖ਼ਸ਼ਿਸ਼ ਵਿੱਚ ਉਨ੍ਹਾਂ ਦਾ ਵਿਸ਼ਵਾਸ ਅਮੁੱਕ ਤੇ ਅਟੁੱਟ ਸੀ। ਸਤਲੁਜੋਂ ਪਾਰ ਸਥਿਤ ਬਰਤਾਨਵੀ ਏਜੰਸੀ ਦੇ ਇੱਕ ਸਮਕਾਲੀ ਏਜੰਟ, ਹੈਨਰੀ ਪ੍ਰਿੰਸਪ, ਨੇ ਸੰਨ 1834 ਵਿੱਚ ਲਿਖਿਆ ਸੀ: "ਮਹਾਰਾਜਾ ਰਣਜੀਤ ਸਿੰਘ ਭਾਵੇਂ ਇੱਕ ਤੁਅੱਸਬੀ ਤੇ ਕੱਟੜਪੰਥੀ ਪੁਰਖ ਨਹੀਂ, ਤਦ ਵੀ ਉਹ ਸਿੱਖ ਧਰਮ ਦੀਆਂ ਸਭ ਨਿਯਤ ਰੀਤਾਂ ਤੇ ਰਹਿਤਾਂ ਦੀ ਅਦਾਇਤ ਵਿੱਚ ਸੋਘੇ ਹਨ। ਉਹ ਆਪਣੀ ਧਰਮ-ਪੁਸਤਕ, 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਕੁਝ ਨਿਸਚਿਤ ਘੰਟਿਆਂ ਲਈ ਹਰ ਰੋਜ਼ ਸੁਣਦੇ ਹਨ।" [13] ਉਨ੍ਹਾਂ ਦਾ ਇੱਕ ਹੋਰ ਸਮਕਾਲੀ ਅਤੇ ਈਸਟ ਇੰਡੀਆ ਕੰਪਨੀ ਦਾ ਲੁਧਿਆਣੇ ਸਥਿਤ ਅਧਿਕਾਰੀ, ਕੈਪਟਨ ਮਰੇ, ਲਿਖਦਾ ਹੈ: "ਮਹਾਰਾਜਾ ਰਣਜੀਤ ਸਿੰਘ ਦਾ ਇਹ ਇੱਕ ਆਮ ਵਿਹਾਰ ਹੈ ਕਿ ਉਹ ਜਦੋਂ ਵੀ ਕੋਈ ਅਹਿਮ ਕਾਰਜ ਚਿਤਵਦੇ ਹਨ ਤਾਂ 'ਗੁਰੂ ਗ੍ਰੰਥ ਸਾਹਿਬ' ਉੱਤੇ ਦੋ ਪਰਚੀਆਂ ਰਖਵਾ ਦੇਂਦੇ ਹਨ। ਇੱਕ ਉੱਤੇ ਉਨ੍ਹਾਂ ਦੀ 'ਆਪਣੀ ਇੱਛਾ' ਤੇ ਦੂਜੀ ਉੱਤੇ 'ਉਸ ਦੇ ਉਲਟ' ਲਿਖਿਆ ਹੁੰਦਾ ਹੈ। ਫਿਰ ਇੱਕ ਬੱਚੇ ਨੂੰ ਅੰਦਰ ਲਿਜਾ ਕੇ ਕੋਈ ਇੱਕ ਪਰਚੀ ਚੁਕ ਲਿਜਾਣ ਲਈ ਆਖਿਆ ਜਾਂਦਾ ਹੈ। ਜਿਹੜੀ ਪਰਚੀ ਵੀ ਉਹ ਸਹਿਜ-ਸੁਭਾ ਚੁਕ ਲਿਆਂਦਾ ਹੈ,

---

8. ਜੋਧਪੁਰ ਦੇ ਰੀਕਾਰਡ ਆਫ਼ਿਸ ਵਿੱਚ ਸੁਰੱਖਿਅਤ ਅਸਲ ਚਿੱਠੀ ਮਿਤੀ 12 ਮੱਘਰ ਸੰਮਤ 1879। ਉਸ ਦੇ ਅੰਗਰੇਜ਼ ਅਨੁਵਾਦ ਲਈ ਵੇਖੋ: Tripathi & Singh, **Maharaja Ranjit Singh Centenary Volume**, p. 127, Cawnpur 1940
9. Osborne, Capt. E.G., **The Court and Camp of Ranjeet Singh**, London 1840, p. 16-17
10. Shahamat Ali, M., **The Sikhs and Afghans in connextion with India and Persia**, London 1847, p. 18
11. ਅਜਿਹੀਆਂ ਕੁਝ ਬੀੜਾਂ ਬ੍ਰਿਟਿਸ਼ ਲਾਇਬ੍ਰੇਰੀ ਅਤੇ ਇੰਡੀਆ ਆਫਿਸ ਲਾਇਬ੍ਰੇਰੀ, ਲੰਡਨ ਵਿੱਚ ਅਜੇ ਤਕ ਸੁਰੱਖਿਅਤ ਹਨ। ਇਨ੍ਹਾਂ ਦੇ ਦਰਸ਼ਨ ਮੈਂ ਆਪਣੀਆਂ ਛੇ ਵਲੈਤ-ਯਾਤਰਾਵਾਂ ਦੌਰਾਨ ਖ਼ੁਦ ਆਪ ਕੀਤੇ ਹੋਏ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਨੋਟ ਵੀ ਲਏ ਹੋਏ ਹਨ।
12. Kohli, S.R., **Sunset of the Sikh Empire**, New Delhi 1967, p. 6
13. Prinsep, H.T., **Origin of the Sikh Power in the Punjab and Political Life of Maharaja Ranjit Singh**, Calcutta 1834, p. 143-44

ਉਸ ਦੀ ਲਿਖਤ ਮਹਾਰਾਜਾ ਲਈ ਇੰਨੀ ਤਸੱਲੀ-ਬਖ਼ਸ਼ ਹੁੰਦੀ ਹੈ ਜਿੰਨੀ ਕਿ ਆਕਾਸ਼ ਤੋਂ ਆਈ ਆਵਾਜ਼ ਸਮਝੀ ਜਾਂਦੀ ਹੈ।" [14] ਉਨ੍ਹਾਂ ਨੂੰ ਉਨ੍ਹਾਂ ਦੀ ਜੀਵਨ-ਯਾਤਰਾ ਦੇ ਅੰਤਲੇ ਵਰ੍ਹਿਆਂ ਵਿੱਚ ਮਿਲਦੇ ਰਹੇ ਕੈਪਟਨ ਔਜ਼ਬਰਨ ਨੇ ਵੀ ਉਨ੍ਹਾਂ ਦੇ ਇਸ ਵਿਹਾਰ ਤੇ ਵਿਚਾਰ ਨੂੰ ਆਪਣੇ ਰੋਜ਼ਨਾਮਚੇ ਵਿੱਚ ਬਿਆਨ ਕੀਤਾ ਹੋਇਆ ਹੈ। ਉਸ ਨੇ ਤਾਂ ਉਹਦੇ 5 ਜੂਨ 1838 ਵਾਲੇ ਇੰਦਰਾਜ ਵਿੱਚ, ਇੱਕ ਨਿੱਜੀ ਤਜਰਬੇ ਨੂੰ ਬਿਆਨ ਕਰਦਿਆਂ, ਤਾਂ ਸਗੋਂ ਇੱਥੋਂ ਤਕ ਲਿਖ ਦਿੱਤਾ ਸੀ:

"ਮਹਾਰਾਜਾ ਰਣਜੀਤ ਸਿੰਘ ਆਪਣੀ ਕੋਈ ਵੀ ਅਹਿਮ ਮੁਹਿਮ ਇਸ ਪਵਿੱਤਰ ਪੁਸਤਕ ਦੀ ਸਲਾਹ (ਭਾਵ 'ਹੁਕਮ' ਜਾਂ 'ਵਾਕ') ਸੁਣ ਲਏ ਬਿਨਾਂ ਹੱਥ ਵਿੱਚ ਨਹੀਂ ਲੈਂਦੇ।... ਉਕਤ ਵਿਹਾਰ ਅਨੁਸਾਰ, ਉਨ੍ਹਾਂ ਨੂੰ ਪੇਸ਼ ਕੀਤੀ ਗਈ ਪਹਿਲੀ ਪਰਚੀ ਜੇ ਚਿਤਵਿਤ ਮੁਹਿੰਮ ਲਈ ਸ਼ੁਭ ਤੇ ਅਨੁਕੂਲ ਸਾਬਤ ਹੋ ਜਾਂਦੀ ਹੈ, ਤਾਂ ਉਹ ਉਸ ਦਾ ਬੀੜਾ ਜਿੱਤ ਦੇ ਵਧ-ਤੋਂ-ਵੱਧ ਵਿਸ਼ਵਾਸ ਨਾਲ ਚੁਕ ਲੈਂਦੇ ਹਨ। ਜੇ ਉਹ ਦੂਜੀ ਅਥਵਾ ਉਲਟ ਭਾਵ ਦੀ ਸੂਚਕ ਹੁੰਦੀ ਹੈ, ਤਾਂ ਉਹ ਕਾਰਜ ਜਾਂ ਮੁਹਿੰਮ ਦਾ ਖ਼ਾਬ-ਖ਼ਿਆਲ ਹੀ ਫ਼ੌਰਨ ਛੱਡ ਦਿੱਤਾ ਜਾਂਦਾ ਹੈ।" [15]

ਉਕਤ ਵਿਚਾਰਾਂ ਤੇ ਬਿਆਨਾਂ ਦੀ ਸ਼ਾਹਿਦੀ ਈਸਟ ਇੰਡੀਆ ਕੰਪਨੀ ਦੇ ਅਜਿਹੇ ਜ਼ਿੰਮੇਵਾਰ ਅਫ਼ਸਰਾਂ ਤੋਂ ਛੁੱਟ, ਉਨ੍ਹਾਂ ਦੇ ਇੱਕ ਉੱਘੇ ਮੁਸਲਮਾਣ ਮੁਨਸ਼ੀ, ਸ਼ਹਾਮਤ ਅਲੀ, ਨੇ ਵੀ ਆਪਣੇ ਰੋਜ਼ਾਨਾਮਚੇ ਵਿੱਚ ਭਰੀ ਹੋਈ ਹੈ: "ਅਹਿਮ ਮਾਮਲਿਆਂ ਵਿੱਚ, ਉਹ ਸਿੱਖਾਂ ਦੀ ਧਰਮ-ਪੁਸਤਕ, ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਏ ਅਗੰਮੀ ਵਾਕ ਨੂੰ ਇਲਹਾਮ ਜਾਂ ਭਵਿੱਖਬਾਣੀ ਸਮਝਦਿਆਂ, ਉਸ ਦੀ ਅਗਵਾਈ ਅਨੁਸਾਰ ਅਗਲੀ ਕਾਰਵਾਈ ਕਰਿਆ ਕਰਦੇ ਹਨ।" [16]

ਸਿੱਖ ਸਤਿਗੁਰਾਂ ਦੇ ਇਤਿਹਾਸਕ ਸਥਾਨਾਂ ਦੀ ਜੋ ਨਿਗਰ, ਉਸਾਰੂ ਤੇ ਯਾਦਗਾਰੀ ਸੇਵਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਹੈ, ਉਸ ਦਾ ਸੁਭਾਗ ਅਤੇ ਸੋਭਾ ਕਿਸੇ ਵੀ ਸਿੱਖ ਰਾਜੇ ਜਾਂ ਜਨ-ਸਾਧਾਰਨ ਨੂੰ ਅਜੇ ਤਕ ਕਿਤੇ ਵੀ ਪ੍ਰਾਪਤ ਨਹੀਂ ਹੋ ਸਕੀ। ਗੁਰੂ ਨਾਨਕ ਸਾਹਿਬ ਦੇ ਜਨਮ-ਸਥਾਨ, ਨਨਕਾਣਾ ਸਾਹਿਬ, ਦੇ ਦਾਇਮੀ ਪ੍ਰਬੰਧ ਲਈ ਲਾਈ ਗਈ ਬੇਮਿਸਾਲ ਜਾਗੀਰ ਅਤੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਕਰਵਾਈ ਗਈ ਉਪਰੋਕਤ ਅਦੁੱਤੀ ਸੰਗਮਰਮਰੀ ਤੇ ਸਵਰਨ-ਸੇਵਾ ਇਸ ਸ਼ਰਧਾ ਤੇ ਸਿਦਕ ਦੀਆਂ ਕੁਝ ਅਮਰ ਤੇ ਅਦੁੱਤੀ ਯਾਦਗਾਰਾਂ ਹਨ।

ਜਿੱਥੋਂ ਤਕ ਨਨਕਾਣਾ ਸਾਹਿਬ ਲਈ ਲਾਈ ਗਈ ਜਾਗੀਰ ਦਾ ਸਬੰਧ ਹੈ, ਅਕਾਲਤਖ਼ਤ ਸਾਹਿਬ ਦੇ ਇੱਕ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਅਨੁਸਾਰ "ਇਸ ਵਕਤ ਸ੍ਰੀ ਨਨਕਾਣਾ ਸਾਹਿਬ ਦੀ ਸਾਢੇ ਸਤ ਸੌ ਮੁਰੱਬੇ ਦੇ ਕਰੀਬ ਜ਼ਮੀਨ ਹੈ। ਇਹ ਜਾਗੀਰ ਮਹਾਰਾਜਾ ਰਣਜੀਤ ਸਿੰਘ ਨੇ ਲਾਈ ਹੈ।... ਪੰਜਾਬ ਵਿੱਚ ਇਤਨੀ ਜ਼ਮੀਨ ਕਿਸੇ ਮਸੀਤ ਜਾਂ ਮੰਦਰ ਦੇ ਨਾਂ ਨਹੀਂ।" [17] ਪੰਜਾਬੀ ਤਵਾਰੀਖ਼ੀ ਬੋਰਡ, ਲਾਹੌਰ ਦੇ ਜਨਾਬ ਇਕਬਾਲ ਕੈਸਰ ਦੇ ਲਫ਼ਜ਼ਾਂ ਵਿੱਚ "ਨਨਕਾਣਾ ਸਾਹਿਬ ਐਸਟੇਟ ਦਾ ਕੁਲ ਰਕਬਾ 17675 ਏਕੜ ਹੈ (ਜਿਸ ਵਿੱਚੋਂ) ਖੇਤੀਬਾੜੀ ਯੋਗ ਰਕਬੇ ਦੀ ਨਪਾਈ 15926 ਏਕੜ ਹੈ।" [18]

ਧੁਰ ਦੱਖਣ ਦੇ ਸ਼ਹਿਰ ਨਾਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸਸਕਾਰ-ਅਸਥਾਨ ਨੂੰ ਉਸਾਰਨਾ ਤਾਂ ਕਿਤੇ ਰਿਹਾ, ਉਹ ਤਾਂ ਉਸ ਸਮੁੱਚੇ ਸ਼ਹਿਰ ਨੂੰ ਹੀ ਖ਼ਰੀਦ ਲੈਣ ਲਈ ਨਿਜ਼ਾਮ ਹੈਦਰਾਬਾਦ ਨੂੰ ਮੂੰਹ-ਮੰਗਿਆ ਮੁੱਲ ਦੇਣ ਲਈ ਹਰ ਮੁਮਕਨ ਜਤਨ ਕਰਦੇ ਰਹੇ ਸਨ।

ਆਪਣੇ ਬਜ਼ੁਰਗ, ਬਾਬਾ ਨੌਧ ਸਿੰਘ ਜੀ, ਦੀ ਅੱਖੀਂ-ਡਿੱਠੀ ਗਵਾਹੀ ਦੇ ਆਧਾਰ 'ਤੇ ਭਾਈ ਕਾਹਨ ਸਿੰਘ ਨਾਭਾ ਨੇ ਲਿਖਿਆ ਹੈ: "ਜਦ ਦਿੱਲੀ ਦੇ ਗੁਰਦੁਆਰਿਆਂ ਦੇ ਪੁਜਾਰੀ ਇਨ੍ਹਾਂ ਨੂੰ ਲਾਹੌਰ ਮਿਲਣ ਆਏ, ਤਦ ਉਨ੍ਹਾਂ ਦੇ ਚਰਨ

---

14. Murray, Capt. W., **History of the Panjab**, London 1846, ਹੋਰ ਵੇਖੋ: ਇਬਰਤਨਾਮ, ਤਵਾਰੀਖੇ ਮਹਾਰਾਜਾ ਰਣਜੀਤ ਸਿੰਘ, ਵ. 571
15. Osborne, **The Court and Camp of Ranjeet Singh**, London 1840, p. 45-46
16. Shanamat Ali, M. **The Sikhs and Afghans in connextion with India and Persia**, London 1847, p. 15
17. ਪ੍ਰਤਾਪ ਸਿੰਘ, ਗਿ., ਸਿੱਖ ਇਤਿਹਾਸਕ ਲੈਕਚਰ, ਅੰਮ੍ਰਿਤਸਰ 1945, ਤੀਜੀ ਛਾਪ, ਅੰਮ੍ਰਿਤਸਰ 1973, ਪੰ. 356-57
18. Qaisar, Iqbal, **Historical Sikh Shrines in Pakistan**, Lahore 1998 p. 34

ਭਰੇ-ਦਰਬਾਰ ਆਪਣੀ ਦਾੜ੍ਹੀ ਨਾਲ ਝਾੜੇ ਸਨ ਅਤੇ ਦੁਸਾਂਝ ਨਾਂ ਦਾ ਪਿੰਡ ਜਾਗੀਰ ਵਜੋਂ ਦਿੱਤਾ ਸੀ।" [19]

ਜਿੱਥੋਂ ਤਕ ਸਿੱਖ-ਅਰਦਾਸ ਦੀ ਸ਼ਕਤੀ ਤੇ ਸਹਾਇਤਾ ਉੱਤੇ ਵਿਸ਼ਵਾਸ਼ ਦਾ ਸਬੰਧ ਹੈ, ਉਸ ਦੀ ਇੱਕ ਅਸਚਰਜ ਤੇ ਮਾਣ ਕਰਨ ਯੋਗ ਮਿਸਾਲ ਉਨ੍ਹਾਂ ਦੀ ਉਹ ਜੋਸ਼ੀਲੀ ਤੇ ਫੁਰਤੀਲੀ ਚੜ੍ਹਾਈ ਹੈ ਜੋ ਖਟਕ ਕਬਾਇਲੀਆਂ ਵਲੋਂ, ਸੰਨ 1818 ਵਿੱਚ, ਇੱਕ ਪੰਜਾਬੀ ਦਸਤੇ ਦੇ ਹਜ਼ਾਰੇ ਪਹੁੰਚਦਿਆਂ ਹੀ, ਧੋਖੇ ਨਾਲ, ਮਾਰੇ ਜਾਣ ਦੀ ਸੋਅ ਸੁਣਦਿਆਂ ਸਾਰ, ਆਪ ਨੇ ਤੇਜ਼-ਤਰਾਰ ਆਰੰਭ ਦਿੱਤੀ ਸੀ। ਹੜ੍ਹਿਆਲੇ ਅਟਕ ਦੇ ਤੇਜ਼ ਵੇਗ ਨੂੰ ਮੁਖ ਰੱਖਦਿਆਂ, ਕਈ ਸਾਥੀਆਂ ਤੇ ਮਲਾਹਾਂ ਦੇ ਮਨ੍ਹਾ ਕਰਨ ਦੇ ਬਾਵਜੂਦ, ਉਹ ਆਪਣੇ ਹਾਥੀ ਉੱਤੇ ਹੀ ਚੜ੍ਹੇ-ਚੜ੍ਹਾਏ ਅਰਦਾਸ ਕਰ ਕੇ, ਇਹ ਕਹਿੰਦਿਆਂ ਉਸ ਵਿੱਚ ਨਿਝੱਕ ਠਿਲ੍ਹ ਪਏ ਸਨ ਕਿ " 'ਅਟਕ' ਉਨ੍ਹਾਂ ਲਈ 'ਅਟਕ' ਹੈ ਜਿਨ੍ਹਾਂ ਦੇ ਦਿਲ ਵਿੱਚ 'ਅਟਕ' ਹੈ, ਜਿਨ੍ਹਾਂ ਦੇ ਦਿਲ ਵਿੱਚ 'ਅਟਕ' ਨਹੀਂ, ਅਟਕ ਉਨ੍ਹਾਂ ਦੇ ਇਰਾਦਿਆਂ ਦੀ ਪੂਰਤੀ ਲਈ 'ਅਟਕ' ਕਦੇ ਵੀ ਨਹੀਂ ਪਾਉਂਦਾ।" [20]

ਇਉਂ ਹੀ, ਜਦੋਂ ਉਹ ਸੰਨ 1823 ਵਿੱਚ ਵੀ ਮੁਹੰਮਦ ਖ਼ਾਨ ਪਠਾਣਾਂ ਦੀ ਸੋਧ ਲਈ ਆਪਣੀ ਫ਼ੌਜ ਸਮੇਤ ਅਟਕ ਪੁੱਜੇ ਸਨ, ਤਾਂ ਅੱਗੋਂ ਬਾਰਸ਼ ਦੀ ਬਹੁਲਤਾ ਕਾਰਨ ਦਰਿਆ ਵਿੱਚ ਬੜਾ ਭਾਰੀ ਹੜ ਆਇਆ ਹੋਇਆ ਸੀ। ਮਲਾਹਾਂ ਤੇ ਇੰਜੀਨੀਅਰਾਂ ਨੇ ਪਾਣੀ ਦੇ ਬੇਓੜਕ ਜ਼ੋਰ ਨੂੰ ਮੁਖ ਰੱਖਦਿਆਂ, ਉਨ੍ਹਾਂ ਨੂੰ ਪਾਰ ਪਹੁੰਚਾਣ ਦਾ ਫੌਰੀ ਪ੍ਰਬੰਧ ਕਰ ਸਕਣ ਤੋਂ ਆਪਣੀ ਮਜਬੂਰੀ ਪਰਗਟ ਕਰ ਦਿੱਤੀ ਸੀ। ਉਦੋਂ ਵੀ ਧੁਨ ਦੇ ਪੱਕੇ ਤੇ ਚੜ੍ਹਦੀਕਲਾ ਦੇ ਪੁਤਲੇ ਰਣਜੀਤ ਸਿੰਘ, ਵਾਹਿਗੁਰੂ ਤੇ ਸਤਿਗੁਰੂ ਦੀ ਟੇਕ ਲੈ ਕੇ, ਝਟ ਆਪਣੇ ਘੋੜੇ ਨੂੰ ਅੱਡੀ ਲਾ, ਸੈਨਾ ਸਮੇਤ, ਅਟਕ ਵਿੱਚ ਠਿਲ੍ਹ ਪਏ ਸਨ ਅਤੇ ਸਹੀ-ਸਲਾਮਤ ਪਾਰ ਹੋ ਗਏ ਸਨ। [21]

ਗੁਰੂ-ਆਸਰੇ ਕੀਤੀਆਂ ਅਜਿਹੀਆਂ ਨਿਰਭੈ ਫ਼ੌਜੀ ਚੜ੍ਹਤਲਾਂ ਤੇ ਜਾਨ-ਜੋਖਵੀਆਂ ਘਾਲਾਂ ਨੂੰ ਹੀ ਮੁਖ ਰੱਖਦਿਆਂ, ਇੱਕ ਹੋਰ ਸਮਕਾਲੀ, ਕੈਪਟਨ ਓਰਲਿਚ, ਲਿਖਦਾ ਹੈ: "ਲੜਾਈ ਸਮੇਂ, ਉਹ ਆਪਣੀਆਂ ਫ਼ੌਜਾਂ ਦੇ ਸਦਾ ਮੂਹਰੇ ਅਤੇ ਮੁਠ-ਭੇੜ ਵਿੱਚ ਸਭ ਤੋਂ ਅੱਗੇ ਹੁੰਦੇ ਸਨ। ਉਨ੍ਹਾਂ ਨੇ ਵੈਰੀ ਦੇ ਆਮੋ-ਸਾਹਮਣੇ ਸਿੰਧ ਦਰਿਆ ਨੂੰ ਦੋ ਵਾਰ, ਆਪਣੇ ਰਿਸਾਲੇ ਸਮੇਤ, ਪਾਰ ਕੀਤਾ ਸੀ ਅਤੇ ਫ਼ਤਹਿ ਵੀ ਪ੍ਰਾਪਤ ਕੀਤੀ ਸੀ। ਜਿੱਥੋਂ ਤਕ ਇੱਛਾ-ਸ਼ਕਤੀ ਤੇ ਸਹਿਣ-ਸ਼ਕਤੀ ਦਾ ਸਬੰਧ ਹੈ, ਆਪਣੇ ਲੋਕਾਂ ਵਿੱਚ ਉਹ ਲਾਸਾਨੀ ਸਨ।" [22]

ਮਹਾਰਾਜਾ ਰਣਜੀਤ ਸਿੰਘ ਦੀ ਅਜਿਹੀ ਸ਼ਕਤੀ ਦਾ ਮੂਲ ਸੋਮਾ ਉਨ੍ਹਾਂ ਦਾ ਉਕਤ ਨਿਸਚਾ, ਸ਼ਰਧਾ ਅਤੇ ਸਿਦਕ ਹੀ ਸੀ। ਤਦੇ ਤਾਂ ਉਨ੍ਹਾਂ ਨੇ ਇਸ ਰਾਜ-ਭਾਗ ਨੂੰ ਆਪਣੀ ਨਿੱਜੀ ਸਿਆਣਪ ਤੇ ਸਮਰੱਥਾ ਆਦਿ ਦੀ ਦੇਣ ਜਾਂ ਉਪਜ ਸਮਝਣ ਦੀ ਥਾਂ, ਵਾਹਿਗੁਰੂ ਦੀ ਦਾਤ, ਸਤਿਗੁਰੂ ਦੀ ਮਿਹਰ ਅਤੇ ਉਨ੍ਹਾਂ ਦੇ ਹੀ ਸਾਜੇ ਹੋਏ 'ਖ਼ਾਲਸਾ ਪੰਥ' ਦੀ ਘਾਲ ਰਾਹੀਂ ਪ੍ਰਾਪਤ ਹੋਇਆ ਜਾਣਿਆ। ਇਸੇ ਲਈ ਇਸ ਨੂੰ ਆਪਣੀ ਸਰਕਾਰ ਕਹਿਣ ਦੀ ਥਾਂ 'ਸਰਕਾਰ ਖ਼ਾਲਸਾ' ਅਤੇ ਇਸ ਦੇ ਦਰਬਾਰ ਨੂੰ ਆਪਣਾ ਦਰਬਾਰ ਆਖਣ ਦੀ ਥਾਂ 'ਦਰਬਾਰ ਖ਼ਾਲਸਾ' ਹੋਣ ਦਾ ਐਲਾਨ ਕੀਤਾ। ਇਸ ਐਲਾਨ ਪਿੱਛੇ ਕੰਮ ਕਰ ਰਹੀ ਤੀਬਰ ਤੇ ਹਾਰਦਿਕ ਭਾਵਨਾ ਦਾ ਜ਼ਿਕਰ ਕਰਦਿਆਂ, ਕੈਪਟਨ ਕਨਿੰਘਮ ਨੇ ਲਿਖਿਆ ਹੈ: "ਉਨ੍ਹਾਂ ਨੇ ਆਪਣੀ ਹਰ ਸਫ਼ਲਤਾ ਵਾਹਿਗੁਰੂ ਦੀ ਮਿਹਰ ਸਦਕੇ ਹੀ ਹੁੰਦੀ ਰਹੀ ਦੱਸੀ, ਅਤੇ ਉਹ ਆਪਣੀ ਜ਼ਾਤ ਅਤੇ ਜਨਤਾ ਨੂੰ ਸਮੂਹਕ ਤੌਰ ਤੇ 'ਖ਼ਾਲਸਾ' ਜਾਂ ਗੁਰੂ ਗੋਬਿੰਦ ਸਿੰਘ ਜੀ ਦਾ 'ਪੰਥ' ਹੀ ਆਖਦੇ ਰਹੇ।" [23]

ਇਸੇ ਲਈ ਉਨ੍ਹਾਂ ਨੇ ਇਸ ਹਕੂਮਤ ਦੀ ਮੁਹਰ ਤੇ ਝੰਡੇ ਨੂੰ 'ਅਕਾਲ ਸਹਾਇ' [24] ਅਤੇ ਸਿੱਕੇ ਨੂੰ ਹੇਠ ਲਿਖੀ

---

19. Kahan Singh Nabha, Bhai, **Gur Shabad Ratnakar Mahan Kosh**, Patiala 1930, p. 763
20. Khushwant Singh, The History of the Sikhs, Princeton 1963, Vol. I, p. 253
21. ਹੋਤੀ, ਬਾ. ਪ੍ਰੇਮ ਸਿੰਘ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਲਾਹੌਰ 1918, ਗਿਆਰਵੀਂ ਛਾਪ, ਲੁਧਿਆਣਾ 1980 (ਲ.ਪ.), ਪੰ. 173-74।
22. Orlich, Capt. L.V., **Travels in India, Including Sindh & the Panjab**, London 1845, p. 172
23. Cunningham, **History of the Sikhs**, op. cit., p. 152
24. ਗੁਰੂ ਗੋਬਿੰਦ ਸਿੰਘ ਜੀ ਦੇ ਮੰਗਲਾਚਰਣੀ ਵਾਕ, "ਸ੍ਰੀ ਅਕਾਲ ਜੀ ਸਹਾਇ" (ਭਾਵ, ਅਬਿਨਾਸ਼ੀ ਵਾਹਿਗੁਰੂ ਹੀ ਸਹਾਇਤਾ ਕਰਨ ਵਾਲੇ ਹਨ), ਦਾ ਸੰਖੇਪ। ਇਸ ਦੇ ਹੇਠ ਕੇਵਲ ਉਨ੍ਹਾਂ ਦਾ ਨਾਂ "ਰਣਜੀਤ ਸਿੰਘ" ਹੀ ਖੁਦਿਆ ਹੁੰਦਾ ਸੀ ਜੋ ਉਨ੍ਹਾਂ ਦੇ ਇਸ ਨਿਸਚੇ ਦਾ ਸੰਕੇਤ ਸੀ ਕਿ ਰਣਜੀਤ ਸਿੰਘ ਦੀ ਸਹਾਇਤਾ ਅਕਾਲਪੁਰਖ ਹੀ ਕਰਨ ਵਾਲੇ ਹਨ।

ਖ਼ਾਲਸਈ ਲੈਜੰਡ (ਇਬਾਰਤ) ਦਾ ਧਾਰਨੀ ਬਣਾਇਆ:

ਦੇਗੋ ਤੇਗੋ ਫਤਹਿ ਨੁਸਰਤ ਬੇਦਿਰੰਗ,
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।[25]

ਜੈਨਰਲ ਸਰ ਜਾਨ ਗਾਰਡਨ ਵੀ ਇਸੇ ਹਾਰਦਕ ਭਾਵਨਾ ਦੀ ਪੁਸ਼ਟੀ ਕਰਦਿਆਂ ਲਿਖਦਾ ਹੈ: "ਉਨ੍ਹਾਂ ਨੇ 'ਖ਼ਾਲਸਾ' ਦੇ ਉਸ ਸਿਧਾਂਤ ਨੂੰ ਬਰਕਰਾਰ ਰੱਖਿਆ ਸੀ ਜਿਸ ਅਨੁਸਾਰ ਉਹ ਆਪਣੀ ਹਰ ਸਫ਼ਲਤਾ ਨੂੰ ਵਾਹਿਗੁਰੂ ਦੀ ਮਿਹਰ ਸਦਕੇ ਸਤਿਗੁਰੂ ਦੀ ਬਖ਼ਸ਼ਿਸ਼ ਸਮਝਦੇ ਸਨ। 'ਸ੍ਰੀ ਅਕਾਲ ਸਹਾਇ ਰਣਜੀਤ ਸਿੰਘ' ਉਨ੍ਹਾਂ ਦੇ ਦਸਤਖ਼ਤ ਜਾਂ ਹਸਤਾਖਰ ਸਨ।"[26]

ਸਰਕਾਰ ਰਣਜੀਤ ਸਿੰਘ ਨੇ ਇਸ ਪੰਥ ਦੇ ਉਕਤ ਬਾਨੀ ਅਤੇ ਵਾਲੀ ਦੇ ਉਪਦੇਸ਼ਾਂ ਤੇ ਸਿਧਾਂਤਾਂ ਨੂੰ ਇਸ ਗੱਲ ਦਾ ਯਕੀਨ ਦੁਆਉਣਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਵੱਸ-ਲਗਦੇ, ਸਤਿਗੁਰੂ ਦੇ ਹੇਠ-ਲਿਖੇ ਬਚਨਾਂ ਵਿੱਚ ਵਿਦਿਤ ਸਿਧਾਂਤ ਉੱਤੇ ਪਹਿਰਾ ਦੇਂਦਿਆਂ ਸਮੂਹ ਪਰਜਾ ਨੂੰ ਇੱਕੋ ਅੱਖ ਨਾਲ ਵੇਖਣਗੇ, ਅਤੇ ਹਰ ਕਿਸੇ ਨਾਲ ਇੱਕੋ ਜਿਹਾ ਸਲੂਕ ਕਰਨ ਵਿੱਚ ਆਪਣੇ ਫ਼ਰਜ਼ ਦੀ ਅਦਾਇਗੀ ਸਮਝਣਗੇ:

1. ਏਕ ਪਿਤਾ ਏਕਸ ਕੇ ਹਮ ਬਾਰਿਕ,
   ਤੂੰ ਮੇਰਾ ਗੁਰਹਾਈ।[28]
2. ਸਭੁ ਕੋ ਮੀਤੁ ਹਮ ਆਪਨ ਕੀਨਾ,
   ਹਮ ਸਭਨਾ ਕੇ ਸਾਜਨ।[29]
3. ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ
   ਮਾਨਸ ਕੀ ਜਾਤ ਸਬੈ, ਏਕੈ ਪਹਚਾਨਬੋ।[30]

ਇਸੇ ਲਈ, ਇਸ ਰਾਜ ਦੇ ਸਭ ਹਿੰਦੂ, ਮੁਸਲਮਾਨ ਤੇ ਸਿੱਖ ਵਸਨੀਕਾਂ ਦੇ ਹੱਕ ਅਤੇ ਫ਼ਰਜ਼ ਇੱਕੋ-ਜਹੇ ਹੋਣਗੇ। ਹਰ ਵਸਨੀਕ ਮੁਕੰਮਲ ਧਾਰਮਕ ਆਜ਼ਾਦੀ ਦਾ ਹੱਕਦਾਰ ਹੋਵੇਗਾ, ਅਤੇ ਹਰ ਕਿਸੇ ਨੂੰ ਬਰਾਬਰ ਦਾ ਸ਼ਹਿਰੀ ਜਾਣ ਕੇ ਸੰਭਾਲਿਆ ਤੇ ਸਤਿਕਾਰਿਆ ਜਾਵੇਗਾ। ਕਿਸੇ ਵੀ ਧਰਮ ਜਾਂ ਸੰਪ੍ਰਦਾਇ ਦੇ ਅਨੁਸਾਰੀ ਵਿਰੁੱਧ ਘਿਰਣਾ ਦੀ ਕੋਈ ਕਾਰਵਾਈ ਜਾਂ ਵਿਤਕਰੇ ਦਾ ਕੋਈ ਵਰਤਾਉ ਕਦੇ ਨਹੀਂ ਕੀਤਾ ਜਾਵੇਗਾ। ਗੁਰੂ ਨਾਨਕ ਗੁਰੂ ਗੋਬਿੰਦ ਦਾ ਬਖਸ਼ਿਆ ਹੋਇਆ ਇਹ ਰਾਜ, ਉਨ੍ਹਾਂ ਦੇ ਉਦੇਸ਼ ਅਨੁਸਾਰ, ਸਰਬੱਤ ਦੇ ਭਲੇ ਲਈ ਚਲੇ ਤੇ ਵਧੇ-ਫੁੱਲੇਗਾ।

ਉਨ੍ਹਾਂ ਦੀ ਇਹ ਨੀਤ ਤੇ ਨੀਤੀ ਅਤੇ ਇਸ ਦੀ ਅਮਲੀ ਤੇ ਪ੍ਰਤੱਖ ਵਰਤੋਂ ਉਨ੍ਹਾਂ ਨਿਯੁਕਤੀਆਂ ਤੋਂ ਹੀ ਵਿਦਿਤ ਹੈ ਜੋ ਉਨ੍ਹਾਂ ਨੇ ਕਿਸੇ ਵੀ ਰੋ-ਰਿਆਇਤ ਜਾਂ ਪੱਖ-ਪਾਤ ਤੋਂ ਬਿਨ੍ਹਾਂ, ਰਾਜਧਾਨੀ ਦੇ ਸਥਾਨਕ ਪ੍ਰਬੰਧ ਲਈ ਖੜੇ-ਪੈਰ

---

25. ਇਹ ਲੈਜੇਂਡ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਮੁਹਰ ਅਤੇ ਸ੍. ਜੱਸਾ ਸਿੰਘ ਆਹਲੂਵਾਲੀਆ ਜੀ ਦੇ ਸਿੱਕੇ ਤੋਂ ਅਪਣਾਅ ਲਈ ਗਈ ਸੀ। ਇਸ ਦੇ ਪਹਿਲੇ ਦੋ ਲਫ਼ਜ਼ਾਂ 'ਦੇਗ ਤੇਗ' ਦਾ ਅਰਥ ਭਾਈ ਕਾਹਨ ਸਿੰਘ ਅਨੁਸਾਰ, "ਲੰਗਰ, ਅਤੇ ਕ੍ਰਿਪਾਣ" ਦੇ ਭਾਵ "ਅਨਾਥਾਂ ਦਾ ਪਾਲਣ ਅਤੇ ਦੁਸ਼ਟਾਂ ਦਾ ਸੰਘਾਰ" ਹੈ। 'ਫਤਹ' ਦਾ ਅਰਥ ਜਿੱਤ ਅਤੇ 'ਨੁਸਰਤ' ਦਾ ਅਰਥ ਸਹਾਇਤਾ ਹੈ। 'ਬੇਦਰੰਗ' ਦਾ ਅਰਥ ਹੈ ਬਿਨਾਂ 'ਢਿਲ, ਤੁਰੰਤ'। ਦੂਜੀ ਤੁਕ ਦਾ ਭਾਵ 'ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ' ਹੈ। (ਵੇਖੋ- ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਉਹੀ, ਪੰਨਾ 486)
26. Gordon, Genl., Sir J.H., **The Sikhs**, London 1904, p. 14
27. ਅਜਿਹੇ 'ਹਲੈਮੀ' ਰਾਜ ਦੀ ਕਾਇਮੀ ਜਨਤਾ ਉੱਤੇ ਹੋ ਰਹੇ ਜਬਰ ਤੇ ਜ਼ਿਆਦਤੀ ਦੀ ਰੋਕ-ਥਾਮ ਲਈ ਸਮੇਂ ਦੀ ਪਹਿਲੀ ਅਤੇ ਜ਼ਰੂਰੀ ਮੰਗ ਸੀ। (**Maharaja Ranjit Singh Death Centenary Memorial**, op. cit., p. 18)
28. ਗੁਰੂ ਅਰਜਨ ਦੇਵ ਜੀ ਵਲੋਂ ਸੰਕਲਿਤ ਤੇ ਸੰਪਾਦਿਤ, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਮ੍ਰਿਤਸਰ 1604 ਈ., ਰਾਗੁ ਸੋਰਠਿ, ਮਹਲਾ 5, ਪੰ. 611-12
29. ਉਕਤ, ਰਾਗ ਧਨਾਸਰੀ, ਮਹਲਾ 5, ਪੰ. 671
30. ਮਨੀ ਸਿੰਘ ਸ਼ਹੀਦ, ਭਾ., ਵਲੋਂ ਸੰਕਲਿਤ ਸ੍ਰੀ ਦਸਮ ਗ੍ਰੰਥ ਸਾਹਿਬ, ਅੰਮ੍ਰਿਤਸਰ 1734, ਈ., ਵਿੱਚ ਸੰਚਿਤ 'ਅਕਾਲ ਉਸਤਤਿ' ਕਬਿਤ ਨੰ: 15/85

ਕਰ ਦਿੱਤੀਆਂ ਸਨ। ਇਹ ਤਾਂ ਉਨ੍ਹਾਂ ਫ਼ਰਮਾਨਾਂ ਤੋਂ ਵੀ ਪ੍ਰਗਟ ਹੈ ਜੋ ਉਹ ਸਮੂਹ ਪਰਜਾ ਦੇ ਸੁੱਖ, ਸ਼ਾਂਤੀ, ਸੁਰੱਖਿਆ ਤੇ, ਖੁਸ਼ਹਾਲੀ ਲਈ ਸਮੇਂ-ਸਮੇਂ ਜਾਰੀ ਕਰਦੇ ਰਹੇ। ਗ੍ਰਿਹਿ-ਮੰਤਰੀ, ਫ਼ਕੀਰ ਨੂਰਦੀਨ, ਦੇ ਨਾਂ ਜਾਰੀ ਹੋਏ ਇੱਕ ਫ਼ਰਮਾਨ ਵਿੱਚ ਲਿਖਿਆ ਹੈ: "...ਕੋਈ ਵੀ ਬੰਦਾ ਲੋਕਾਂ ਉੱਤੇ ਕਿਸੇ ਤਰ੍ਹਾਂ ਦਾ ਕੋਈ ਜਬਰ ਤੇ ਜ਼ਿਆਦਤੀ ਨਾ ਕਰੇ। ਜੇ ਮਹਾਰਾਜਾ ਦੀ ਆਪਣੀ ਜ਼ਾਤ ਵਲੋਂ ਵੀ ਕੋਈ ਅਯੋਗ ਹੁਕਮ ਜਾਰੀ ਹੋ ਜਾਏ ਤਾਂ ਉਨ੍ਹਾਂ ਦਾ ਧਿਆਨ ਬੇਸ਼ੱਕ, ਉਸ ਵੱਲ ਸਾਫ਼ ਤੌਰ 'ਤੇ ਛੇਤੀ ਦੁਆ ਦਿੱਤਾ ਜਾਏ ਤਾਂ ਜੋ ਉਸ ਦੀ ਸੋਧ ਤੁਰੰਤ ਕੀਤੀ ਜਾ ਸਕੇ। ...ਫ਼ੈਸਲੇ ਸਦਾ ਹੱਕ-ਨਿਆਂ ਦੇ ਆਧਾਰ 'ਤੇ ...ਪੰਚਾਂ ਤੇ ਕਾਜ਼ੀਆਂ ਦੀ ਸਲਾਹ ਨਾਲ ਅਤੇ ਸਬੰਧਿਤ ਧਿਰਾਂ ਦੇ ਧਾਰਮਕ ਵਿਸ਼ਵਾਸ਼ਾਂ ਨੂੰ ਮੁੱਖ ਰੱਖਦਿਆਂ, 'ਸ਼ਾਸਤਰ' ਤੇ 'ਕੁਰਾਨ' ਦੀ ਹਦਾਇਤ ਅਨੁਸਾਰ, ਕਰਨੇ ਹਨ...।" [31] ਤਦੇ ਤਾਂ ਫ਼ਕੀਰ-ਘਰਾਣੇ ਦੇ ਵਿਦਵਾਨ ਵਾਰਸ, ਸੱਯਦ ਵਹੀਦ-ਉਦ-ਦੀਨ, ਨੇ ਇਹ ਗੱਲ ਬੜੇ ਦਾਈਏ ਤੇ ਦਰਿੜ੍ਹਤਾ ਨਾਲ ਲਿਖੀ ਹੈ ਕਿ: "ਰਣਜੀਤ ਸਿੰਘ ਦੀ ਨੀਤ ਤੇ ਨੀਤੀ ਅਨੁਸਾਰ, ਉਨ੍ਹਾਂ ਦੇ ਰਾਜ-ਖੇਤਰ ਵਿੱਚ ਵਸ ਰਹੇ ਸਭ ਮੱਤਾਂ-ਮੱਤਾਂਤਰਾਂ ਦੇ ਲੋਕਾਂ ਨੂੰ ਆਪੋ-ਆਪਣੀਆਂ ਧਾਰਮਕ ਰੀਤਾਂ-ਰਿਵਾਜ ਅਦਾਅ ਕਰਨ ਦੀ ਸੰਪੂਰਨ ਖੁਲ੍ਹ ਸੀ। ...ਉਨ੍ਹਾਂ ਦੇ ਰਾਜ-ਕਾਲ ਵਿੱਚ ਮੁਕੰਮਲ ਧਾਰਮਕ ਇਕਸੁਰਤਾ ਕਾਇਮ ਤੇ ਵਿਆਪਕ ਸੀ।" [32]

ਇਹ ਕੁਝ ਹੁੰਦਾ ਵੀ ਕਿਉਂ ਨਾ ਜਦ ਕਿ ਉਨ੍ਹਾਂ ਦੇ ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ (1563-1606), ਲਗਪਗ ਦੋ ਸੌ ਵਰ੍ਹੇ ਪਹਿਲਾਂ ਹੀ ਇਹ ਨੀਤ ਤੇ ਨੀਤੀ ਇਉਂ ਏਲਾਨੀਆ ਫਰਮਾ ਗਏ ਸਨ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ,
ਪੈ ਕੋਇ ਨ ਕਿਸੈ ਰਞਾਣਦਾ।
ਸਭ ਸੁਖਾਲੀ ਵੁਠੀਆ,
ਇਹੁ ਹੋਆ ਹਲੇਮੀ ਰਾਜੁ ਜੀਉ। [33]

ਇਹ ਇੱਕ ਅਜਿਹਾ 'ਹਲੇਮੀ ਰਾਜ' ਸੀ ਜਿਸ ਦੌਰਾਨ, ਇਤਿਹਾਸ ਗਵਾਹ ਹੈ, ਮਹਾਰਾਜਾ ਰਣਜੀਤ ਸਿੰਘ ਜੀ ਦੀ ਪੰਜਾਹ ਕੁ ਵਰ੍ਹਿਆਂ ਦੀ ਹਕੂਮਤ ਦੌਰਾਨ, ਪੰਜਾਬ ਵਿੱਚ ਨਾ ਕਦੇ ਕੋਈ ਫਿਰਕੂ ਫਸਾਦ ਹੋਇਆ ਸੀ, ਨਾ ਕਦੇ ਕੋਈ ਸਿਆਸੀ ਬਗਾਵਤ ਉੱਠੀ ਸੀ ਅਤੇ ਨਾ ਹੀ ਕਦੇ ਕਿਸੇ ਨੂੰ ਬਾਹਰੋਂ ਹੱਲਾ ਕਰਨ ਦਾ ਹੀਆ ਹੀ ਪਿਆ ਸੀ। ਉਨ੍ਹਾਂ ਦਾ ਰਾਜ-ਖੇਤਰ ਬਰਤਾਨਵੀ ਹਿੰਦੁਸਤਾਨ ਨਾਲੋਂ ਵੀ ਵਧੇਰੇ ਸ਼ਾਂਤ ਤੇ ਸੁਰੱਖਿਅਤ ਸੀ। ਜੈਨਰਲ ਸਰ ਗਾਰਡਨ ਅਨੁਸਾਰ ਉਸ ਵਿੱਚ "ਅਜਿਹੀ ਸ਼ਾਂਤੀ ਤੇ ਸਲਾਮਤੀ ਵਿਆਪਤ ਸੀ ਜਿਹੋ ਜਹੀ ਪਹਿਲਾਂ ਉੱਥੇ ਕਦੇ ਵੀ ਵੇਖਣ-ਸੁਣਨ ਵਿੱਚ ਨਹੀਂ ਆਈ ਸੀ।" [34] ਮਹਾਰਾਜਾ ਸਾਹਿਬ ਦਾ ਇੱਕ ਸਮਕਾਲੀ ਗੈਰ-ਸਿੱਖ ਪੰਜਾਬੀ ਕਵੀ, ਮੀਆਂ ਜਾਫ਼ਰ ਬੇਗ, ਤਾਂ ਉਨ੍ਹਾਂ ਦੇ ਰਾਜ-ਕਾਜ ਦੀ ਸਭ ਤੋਂ ਪਹਿਲੀ ਤੇ ਵੱਡੀ ਸਿਫ਼ਤ ਹੀ ਇਹੋ ਦੱਸਦਿਆਂ ਲਿਖ ਗਿਆ ਹੈ ਕਿ ਉਨ੍ਹਾਂ ਦੇ ਤੇਜ-ਪ੍ਰਤਾਪ ਸਦਕੇ, ਉਸ ਵਿੱਚ ਹਰ ਕਿਸੇ ਦੀ ਇੱਜ਼ਤ-ਆਬਰੋ ਤੇ ਮਾਲ-ਮਤਾ ਇੱਥੋਂ ਤੱਕ ਸੁਰੱਖਿਅਤ ਸੀ ਕਿ:

ਅਲਫ਼ ਆਖਿ ਤੂੰ ਸਿਫਤ ਸਰਕਾਰ ਵਾਲੀ,
ਸਿੰਘ ਪੰਥ ਵਿੱਚੋਂ ਹੋਇ ਧਜਾਧਾਰੀ।
ਜਿਹਦੇ ਰਾਜ ਕੁਆਰੀਆਂ ਰਾਹ ਤੁਰੀਆਂ,
ਡਰਦੇ ਛੇੜਦਾ ਨਾਹਿ ਕੋ ਖੌਫ਼ ਮਾਰੀ। [35]

ਇਹ ਤਾਂ ਇੱਕ ਅਜਿਹਾ 'ਹਲੇਮੀ ਰਾਜ' ਸੀ ਜਿਸ ਦੇ ਰਾਜੇ ਨੇ ਆਪਣੇ ਉਪਰੋਕਤ ਬਿਆਨ, ਮਿਤੀ 5 ਮਈ

---

31. ਦਰਬਾਰ ਖ਼ਾਲਸਾ, ਲਾਹੌਰ ਤੋਂ 31 ਭਾਦੋਂ 1882 ਬਿ. ਨੂੰ ਜਾਰੀ ਹੋਏ ਇੱਕ ਵਿਸ਼ੇਸ਼ ਫ਼ਾਰਸੀ ਫ਼ਰਮਾਨ ਵਿੱਚੋਂ।
32. Waheed-ud-din, **The Real Ranjit Singh**, op. cit., p. 22 & 25
33. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਉਹੀ, ਰਾਗੁ ਸਿਰੀ, ਮਹਲਾ 5, ਪੰ. 74
34. Gordon, The Sikhs, op. cit., p. 118
35. ਜਾਫ਼ਰ ਬੇਗ, ਮੀਆਂ ਬੈਂਤਾਂ ਸਰਦਾਰ ਰਣਜੀਤ ਸਿੰਘ ਕੀਆਂ ਜਾਂ ਸੀਹਰਫ਼ੀ ਸਰਕਾਰ ਦੀ 1855 ਈ. ਦੀ ਰਚਿਤ, ਬੰਦ ਨੰ: 1

1830 ਵਿੱਚ ਬੜੇ ਸਪੱਸ਼ਟ ਸ਼ਬਦਾਂ ਦੁਆਰਾ ਦੱਸਿਆ ਸੀ ਕਿ "ਮੈਂ ਦੋਸ਼ੀਆਂ ਨੂੰ ਨਿਰਦੋਸ਼ਾਂ ਵਾਂਗ ਹੀ ਬਖ਼ਸ਼ ਦੇਂਦਾ ਹਾਂ, ਰਿਹਾ ਹਾਂ, ਅਤੇ ਜਿਨ੍ਹਾਂ ਬੰਦਿਆਂ ਦੇ ਹੱਥ ਮੇਰੀ ਆਪਣੀ ਜ਼ਾਤ ਵਿਰੁੱਧ ਵੀ ਉਠੇ ਸਨ, ਉਨ੍ਹਾਂ ਉੱਤੇ ਵੀ ਮੈਂ ਦਇਆ ਹੀ ਕੀਤੀ ਹੈ।" [36]

ਉਦੋਂਕੇ ਅੰਗਰੇਜ਼ ਕਮਾਂਡਰ-ਇਨ-ਚੀਫ਼, ਸਰ ਹੈਨਰੀ ਫੈਨ, ਦਾ ਏਡੀਕਾਂਗ, ਕੈਪਟਨ ਫੈਨ ਜੋ ਸੰਨ 1837 ਵਿੱਚ ਪੰਜਾਬ ਵਿਖੇ ਵਿਚਰਦਾ ਰਿਹਾ ਸੀ, ਆਪਣੇ ਰੋਜ਼ਨਾਮਚੇ ਰਾਹੀਂ ਦਸ ਗਿਆ ਹੈ ਕਿ "ਮਹਾਰਾਜਾ ਰਣਜੀਤ ਸਿੰਘ ਦਾ ਸੁਭਾਅ ਤੇ ਕਿਰਦਾਰ, ਆਪਣੀ ਪਰਜਾ ਵਿੱਚ, ਆਮ ਤੌਰ ਤੇ, ਦਿਆਲੂ ਤੇ ਉਦਾਰ ਮਾਲਕ ਵਾਲਾ ਹੈ। ਉਹ ਹਿੰਦੁਸਤਾਨ ਉੱਤੇ ਰਾਜ ਕਰ ਚੁੱਕੇ ਸਭ ਤੋਂ ਵਧੀਆ ਬਾਦਸ਼ਾਹਾਂ ਵਿੱਚੋਂ ਇੱਕ ਹਨ। ਉਨ੍ਹਾਂ ਦਾ ਅਸਲੋਂ ਹੀ ਇੱਕ ਚੰਗਾ ਤੇ ਮਿਲਾਪੜਾ ਮਨੁੱਖ ਹੋਣ ਦੀ ਸਾਖ ਉਨ੍ਹਾਂ ਦੀ ਬੱਚਿਆਂ ਲਈ ਸਨੇਹ-ਭਾਵਨਾ ਅਤੇ ਕਿਸੇ ਘੋਰ ਅਪਰਾਧ ਦੇ ਦੋਸ਼ੀ ਨੂੰ ਵੀ ਕਦੇ ਮੌਤ ਦੀ ਸਜ਼ਾ ਨਾ ਦੇਣ ਵਾਲੀ ਅਸਲੀਅਤ ਭਰਦੀ ਹੈ। ਹੋਰ ਭਾਵੇਂ ਕੁਝ ਵੀ ਹੋਵੇ, ਇਹ ਗੱਲ ਤਾਂ ਯਕੀਨੀ ਹੈ ਕਿ ਉਹ ਮੌਤ ਦੀ ਸਜ਼ਾ ਦਿੱਤੇ ਬਿਨਾ ਹੀ ਆਪਣੇ ਅਥਰੇ ਲੋਕਾਂ ਨੂੰ ਵੀ ਪੂਰੇ ਵਸ ਵਿੱਚ ਕਰੀ ਰੱਖਦੇ ਹਨ। [37]

ਫੈਨ ਤੋਂ ਵੀ ਦੋ ਵਰ੍ਹੇ ਪਹਿਲਾਂ, ਭਾਵ 1835 ਦੇ ਪੰਜਾਬ ਵਿੱਚ ਵਿਚਰਦੇ ਰਹੇ ਆਸਟਰੀਅਨ ਸਾਇੰਸਦਾਨ, ਬੈਰਨ ਹੀਉਗਲ, ਨੇ ਵੀ ਇਸ ਤੱਥ ਦੀ ਸ਼ਾਹਦੀ ਭਰਦਿਆਂ ਆਪਣੇ ਸਫ਼ਰਨਾਮੇ ਵਿੱਚ ਲਿਖਿਆ ਸੀ "ਮਹਾਰਾਜਾ ਰਣਜੀਤ ਸਿੰਘ ਕਿਸੇ ਨੂੰ ਵੀ ਮੌਤ ਜਾਂ ਅੰਗ-ਕਟਾਈ ਦੀ ਸਜ਼ਾ ਦੇਣ ਲਈ ਕਦੇ ਵੀ ਰਜ਼ਾਮੰਦ ਨਹੀਂ ਹੁੰਦੇ।" [38]

ਸ਼ੇਰੇ ਪੰਜਾਬ ਤਾਂ ਸਗੋਂ ਆਪਣੇ ਵੈਰੀਆਂ ਤੇ ਵਿਰੋਧੀਆਂ ਉੱਤੇ ਵੀ ਦਇਆ ਕਰਦੇ ਤੇ ਕਰਾਉਂਦੇ ਰਹੇ ਹਨ। ਹੋਰ ਤਾਂ ਹੋਰ, ਉਨ੍ਹਾਂ ਦੇ ਕੱਟੜ ਦੁਸ਼ਮਣ ਵੀ ਜਦੋਂ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਸਨ ਤਾਂ ਉਹ ਵਧੇਰੇ ਤਰਸ ਅਤੇ ਖਿਮਾ ਤੋਂ ਹੀ ਕੰਮ ਲੈਂਦੇ ਸਨ। [39]

ਜਿੱਥੋਂ ਤਕ ਮਹਾਰਾਜੇ ਦੀ ਆਪਣੀ ਜ਼ਾਤ ਉੱਤੇ ਹੋਏ ਮਾਰੂ ਵਾਰਾਂ ਦਾ ਸਬੰਧ ਹੈ, ਉਨ੍ਹਾਂ ਨੂੰ ਬਹੁਤ ਨੇੜਿਉਂ ਹੋ ਕੇ ਵੇਖਣ ਤੇ ਬਿਆਨਣ ਵਾਲਾ ਔਜ਼ਬੋਰਨ ਲਿਖਦਾ ਹੈ:

"ਉਹ ਇੱਕ ਹੁਕਮਰਾਨ ਦੇ ਤੌਰ ਤੇ ਨਰਮਦਿਲ ਤੇ ਰਹਿਮਦਿਲ ਹਨ। ...ਉਨ੍ਹਾਂ ਨੇ ਖੁੱਲ੍ਹੇ ਮੈਦਾਨ ਹੋਈ ਲੜਾਈ ਤੋਂ ਸਿਵਾ ਕਦੇ ਕਿਸੇ ਨੂੰ ਜਾਨੋ ਨਹੀਂ ਮਾਰਿਆ, ਭਾਵੇਂ ਉਨ੍ਹਾਂ ਦੀ ਆਪਣੀ ਜਾਨ ਲੈਣ ਲਈ ਇੱਕ ਤੋਂ ਵਧ ਜਤਨ ਹੋ ਚੁੱਕੇ ਹਨ।" [40]

ਸੱਯਦ ਵਹੀਦ ਦੀਨ ਨੇ ਮਾਨੋ ਇਸੇ ਹਕੀਕਤ ਦੀ ਪੁਸ਼ਟੀ ਕਰਦਿਆਂ, ਅਜੋਕੇ ਹੀ ਲਿਖਿਆ ਹੈ "ਉਨ੍ਹਾਂ ਦੇ ਰਾਜ ਵਿੱਚ ਮੌਤ ਦੀ ਸਜ਼ਾ, ਜੋ ਨਵੀਨ ਸਰਕਾਰਾਂ ਵੀ ਅਜੇ ਵੀ ਹਟਾ ਨਹੀਂ ਸਕੀਆਂ, ਅਮਲੀ ਤੌਰ ਤੇ ਬਿਲਕੁਲ ਨਹੀਂ ਸੀ। ਇਹ ਤਾਂ ਜਦੋਂ ਉਨ੍ਹਾਂ ਦੀ ਆਪਣੀ ਜਾਨ ਉੱਤੇ ਵੀ ਵਾਰ ਹੋਇਆ ਸੀ, ਉਦੋਂ ਵੀ ਸਬੰਧਿਤ ਮੁਜਰਮ ਨੂੰ ਨਹੀਂ ਦਿੱਤੀ ਗਈ ਸੀ।" [41]

ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਤੋਂ ਕਈ ਵਰ੍ਹੇ ਬਾਅਦ ਵੀ, ਉਸੇ ਸ਼ਾਂਤ, ਸੁਖੀ ਤੇ ਸੁਰੱਖਿਅਤ ਪੰਜਾਬ ਦੇ ਕੌਮੀ ਕਵੀ, ਸੱਯਦ ਸ਼ਾਹ ਮੁਹੰਮਦ (1782-1862) ਨੇ ਉਨ੍ਹਾਂ ਨੂੰ ਸ਼ਰਧਾਜਲੀ ਭੇਟ ਕਰਦਿਆਂ, ਇਹ ਕੁਝ ਖੁੱਲ੍ਹੇ-ਬੰਦ ਆਖਿਆ ਸੀ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।

---

36. Lawrence (Maj.), **Adventures of an officer in the Punjab**, op. cit., Vol. 1, p. 63
37. Fane, Capt. H.E., **Five Years in Inida**, 1835-1839, London 1842, Vol. I, p. 95-96
38. Hugel, V.B. Charles, **Travels in Cashmere and the Panjab**, London 1845, p. 317
39. **Lord Lawrence's** observation on Ranjit Singh in the **Calcutta Review**, August 1844
40. Osborne, **The Court & Camp of Ranjeet Singh**, London 1840, p. 38
41. Waheed-ud-din, **The real Ranjit Singh**, Karachi 1965, p. 38

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, [42]
ਅੱਛਾ ਰੱਜ ਕੇ ਰਾਜ ਕਮਾਇ ਗਿਆ। [43]

ਇਸ ਸਾਂਝੇ, ਸੁਤੰਤਰ ਤੇ ਵਿਸ਼ਾਲ ਰਾਜ ਉੱਤੇ ਜਦੋਂ ਕੁਝ ਕੁ ਵਰ੍ਹਿਆਂ ਬਾਅਦ ਹੀ, ਬਰਤਾਨਵੀ ਕੂਟਲਨੀਤੀ ਤੇ ਵੈਅਦਾ-ਸ਼ਿਕਨੀ ਕਾਰਨ, ਦਿਨ-ਦਿਹਾੜੇ ਡਾਕਾ ਮਾਰਿਆ ਗਿਆ ਤਾਂ ਉਸ ਵਿੱਚ ਕਾਇਮ ਅਮਨ-ਖੁਸ਼ਹਾਲੀ ਤੇ ਸਾਂਝ-ਸੰਭਾਲੀ ਦਾ ਜ਼ਿਕਰ ਕਰਦਿਆਂ, ਉਸੇ ਕੌਮੀ ਕਵੀ ਨੇ ਬੜੇ ਹਿੱਤ, ਅਫ਼ਸੋਸ ਤੇ ਅਰਮਾਨ ਨਾਲ ਇਹ ਵੀ ਮਾਨੋ ਪੁਕਾਰ ਕੇ ਆਖਿਆ ਸੀ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। [44]

ਫਿਰ ਕਮਾਲ ਇਹ ਕਿ ਇਸ ਸਾਂਝੇ ਤੇ ਸੁਤੰਤਰ ਰਾਜ ਦੀ ਅੰਗਰੇਜ਼ਾਂ ਨਾਲ ਹੋਈ ਭਰਵੀਂ ਟੱਕਰ ਨੂੰ ਦੋ ਇੱਕੋ ਜਿਹੀਆਂ ਧਿਰਾਂ ਤੇ ਤਾਕਤਾਂ (ਭਾਵ ਮਹਾਰਾਜ ਰਣਜੀਤ ਸਿੰਘ ਦਾ ਉਸਾਰਿਆ ਤੇ ਸਥਾਪਿਆ ਸੁਤੰਤਰ, ਸਿਰਮੌਰ ਤੇ ਸਰਬ-ਸੱਤਾਧਾਰੀ ਪੰਜਾਬ ਰਾਜ ਇੱਕ ਪਾਸੇ ਅਤੇ ਬਾਕੀ ਸਾਰੇ ਹਿੰਦੋਸਤਾਨ ਵਿੱਚ ਕਾਇਮ ਹੋ ਚੁੱਕਾ 'ਅੰਗਰੇਜ਼ੀ ਸਾਮਰਾਜ' ਦੂਜੇ ਪਾਸੇ) ਦਾ ਜੰਗ ਮੰਨਦਿਆਂ ਅਤੇ ਇਸ ਹਕੀਕਤ ਨੂੰ ਬਿਆਨ ਕਰਦਿਆਂ, ਉਸ ਨੇ ਇਹ ਵੀ ਐਲਾਨਿਆ ਦੱਸਿਆ ਸੀ:

ਜੰਗ ਹਿੰਦ ਪੰਜਾਬ ਦਾ ਹੋਣ ਲਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ [45]
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। [46]

ਸਰਕਾਰ ਰਣਜੀਤ ਸਿੰਘ ਦੀਆਂ ਅਜਿਹੀਆਂ ਅਟੁੱਟ ਘਾਲਾਂ, ਉਦਾਰ ਨੀਤੀਆਂ ਤੇ ਬੇਜੋੜ ਕਾਰਨਾਮਿਆਂ ਨੇ ਉਸ ਸਾਂਝੇ, ਸੁਤੰਤਰ ਤੇ ਵਿਸ਼ਾਲ ਪੰਜਾਬ ਦੇ ਸਮੂਹ ਵਾਸੀਆਂ ਦੇ ਦਿਲਾਂ ਵਿੱਚ 'ਪੰਜਾਬੀਅਤ' ਤੇ 'ਖ਼ਾਲਸਈਅਤ' ਨੂੰ ਜਿਵੇਂ ਇਕ-ਮਿਕ ਕਰ ਕੇ, ਗੁਰੂ-ਪੰਥ ਦੀ ਸ਼ਕਤੀ ਤੇ ਪ੍ਰਭੁਤਾ ਲਈ ਵੀ ਜੋ ਮਾਣ ਤੇ ਵਿਸ਼ਵਾਸ਼ ਪੈਦਾ ਕਰ ਦਿੱਤਾ ਸੀ, ਉਸ ਦਾ ਜ਼ਿਕਰ ਵੀ ਬੜੇ ਫ਼ਖ਼ਰ ਤੇ ਦਾਈਏ ਨਾਲ ਕਰਦਿਆਂ, ਇਹ ਵੀ ਉਦੋਂ ਸੱਯਦ ਮੁਸਲਮਾਨ, ਸ਼ਾਹ ਮੁਹੰਮਦ ਨੇ ਹੀ ਲਿਖਿਆ ਸੀ:

ਸ਼ਾਹ ਮੁਹੰਮਦਾ ਤੁਸਾਂ ਪੰਜਾਬੀਓ ਜੀ,

---

42. 14 ਅਪ੍ਰੈਲ 1970 ਤੋਂ 27 ਜੂਨ 1839 ਤੱਕ। ਵੇਖੋ: ਸੋਹਣ ਲਾਲ, ਮੁ., ਉਸਦਾ-ਤੁ-ਤਵਾਰੀਖ ਲਾਹੌਰ 1885, ਦਫਤਰ ਦੂਜਾ, ਪੰਨਾ 28-29, ਕੋਹਲੀ, ਪ੍ਰਿੰ. ਸੀਤਾ ਰਾਮ ਅਤੇ ਸੇਵਾ ਸਿੰਘ, ਪ੍ਰੋ. ਵਾਰ ਸ਼ਾਹ ਮੁਹੰਮਦ, ਲੁਧਿਆਣਾ 1956, ਪੰ. 9

43. ਸ਼ਾਹ ਮੁਹੰਮਦ, ਸੱਯਦ, **ਜੰਗ ਸਿੰਘਾਂ ਤੇ ਫਰੰਗੀਆਂ**, ਵਡਾਲਾ 1846 (ਲਪ.) ਦੀ ਰਚਿਤ, ਬੰਦ ਨੰ. 5

44. ਉਕਤ, ਬੰਦ ਨੰ 3

45. ਇੱਕ ਹੋਰ ਸਮਕਾਲੀ ਕਵੀ, ਭਾਈ ਕਾਹਨ ਸਿੰਘ ਬੰਗਾ-ਨਿਵਾਸੀ, ਅਨੁਸਾਰ ਵੀ-

ਨਾ ਹੋਤਾ ਬਿਮਾਲਿਕ ਕਭੀ ਖ਼ਾਲਸਾ,
ਕਹਾਂ ਕੰਪਨੀ ਇਨ ਸੇ ਪਾਤੀ ਫ਼ਤਾ।

(ਜੰਗਨਾਮਾ ਲਾਹੌਰ, ਬੰਗਾ-1850 (ਲਪ.) ਦਾ ਰਜਿਤ, ਛੰਦ ਨੰ: 418)

46. ਸ਼ਾਹ ਮੁਹੰਮਦ, ਸਯਦ, **ਜੰਗ ਸਿੰਘਾਂ ਤੇ ਫਰੰਗੀਆਂ**, ਵਡਾਲਾ 1846 (ਲ.ਪ.), ਬੰਦ ਨੰ 921

ਕੀਰਤਿ ਸਿੰਘ ਸਿਪਾਹੀ ਦੀ ਰੱਖਣੀ ਜੀ।[47]
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ 'ਖ਼ਾਲਸਾ ਪੰਥ' ਮੀਆਂ।[48]

ਪੰਜਾਬ-ਰਾਜ ਦੀ ਚੜ੍ਹਦੀ ਤੇ ਢਹਿੰਦੀ ਕਲਾ ਨੂੰ ਮੁੱਖ ਰੱਖ ਕੇ, ਸ਼ਾਹ ਮੁਹੰਮਦ ਦੇ ਮੁਖ ਤੇ ਕਲਮ ਤੋਂ ਨਿਕਲੀਆਂ ਇਹ ਹੂਕਾਂ ਤੇ ਹੇਕਾਂ ਬੜੀਆਂ ਮਹੱਤਵਪੂਰਤ ਹਨ। ਇਨ੍ਹਾਂ ਦਾ ਅੰਤਰੀਵ ਭਾਵ ਤੇ ਮਹੱਤਤਾ ਅਤੇ, ਉਸ ਦੇ ਪ੍ਰਸੰਗ ਵਿੱਚ, ਸ਼ੇਰੇ ਪੰਜਾਬ ਦੀ ਪੰਥ, ਪੰਜਾਬ ਅਤੇ ਪੰਜਾਬੀਆਂ ਲਈ ਕੀਤੀ ਮਹਾਨ, ਸਿਦਕੀ ਤੇ ਅਦੁੱਤੀ ਸੇਵਾ ਸਬੰਧੀ ਪ੍ਰੋ. ਅਨਿਲ ਚੰਦਰ ਬੈਨਰਜੀ ਦਾ ਅੱਗੇ ਦਿੱਤਾ ਵਿਚਾਰ ਪੜ੍ਹ ਕੇ, ਹੋਰ ਸਪੱਸ਼ਟ ਤੇ ਮਾਣਕਰਨਯੋਗ ਹੋ ਜਾਂਦੀ ਹੈ "ਬਾਦਸ਼ਾਹੀ ਦੇ ਉਦੈ ਨੇ ਉਸ ਸਪਿਰਿਟ ਨੂੰ ਮਿਟਣ ਨਹੀਂ ਦਿੱਤਾ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਵਿੱਚ, ਖ਼ਾਲਸੇ ਦੀ ਸਾਜਨਾ ਰਾਹੀਂ, ਪੈਦਾ ਕਰ ਦਿੱਤੀ ਸੀ। ਇਹ ਬਹੁਤੀ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਬੁਨਿਆਦੀ ਸਿੱਖ-ਆਦਰਸ਼ਾਂ ਨਾਲ ਦੂਰ-ਅੰਦੇਸ਼ ਵਫ਼ਾਦਾਰੀ ਕਰਕੇ ਹੀ ਸੀ। ਉਨ੍ਹਾਂ ਨੇ 'ਪੰਜਾਬ ਦੀ ਮਹਾਰਾਜਗੀ' ਦਾ ਖਿਤਾਬ ਇਹ ਮਿਥ ਕੇ ਇਸ ਲਈ ਇਖ਼ਤਿਆਰ ਕੀਤਾ ਸੀ ਕਿ ਕੇਵਲ ਉਹੋ ਹੀ ਉਨ੍ਹਾਂ ਨੂੰ ਆਪਣੀ ਗੈਰ-ਸਿੱਖ ਪਰਜਾ ਦੀਆਂ ਨਜ਼ਰਾਂ ਅਤੇ ਗੁਆਂਢੀ ਰਾਜਾਂ ਦੇ ਦਰਬਾਰਾਂ ਵਿੱਚ ਇੱਕ ਪਛਾਣਨ ਤੇ ਪਰਵਾਨਣਯੋਗ ਹੈਸੀਅਤ ਦੁਆ ਸਕਦਾ ਸੀ। ਪਰ ਉਨ੍ਹਾਂ ਨੇ ਆਪਣੀ ਸਾਦ-ਮੁਰਾਦੀ ਦਸਤਾਰ ਉੱਤੇ ਕੋਈ ਵੀ ਸ਼ਾਹੀ ਚਿੰਨ੍ਹ (ਕਲਗੀ ਆਦਿ) ਕਦੇ ਨਹੀਂ ਲਾਇਆ ਜਾਂ ਪਹਿਨਿਆ ਸੀ। ਜਿਵੇਂ ਕਿ ਉਨ੍ਹਾਂ ਨੇ ਆਪ ਦੱਸਿਆ ਸੀ, ਉਹ ਬਾਹਰਲੇ ਠਾਠ-ਬਾਠ ਤੋਂ ਬਿਲਕੁਲ ਬੇਨਿਆਜ਼ ਸਨ। ਇਹ ਇੱਕ ਅਜਿਹੇ ਜ਼ਮਾਨੇ ਵਿੱਚ ਲੋਕਾਂ ਲਈ ਇੱਕ ਅਦੁੱਤੀ ਇੰਗਤ ਸੀ ਜਿਸ ਵਿੱਚ ਨਾ ਕੇਵਲ ਹਿੰਦੁਸਤਾਨੀ ਰਾਜੇ ਸਗੋਂ ਬਦੇਸ਼ੀ ਹਾਕਮ ਵੀ ਜ਼ਾਹਿਰੀ ਸ਼ਾਨ-ਸ਼ੌਕਤ ਨੂੰ ਸਭ ਤੋਂ ਵੱਧ ਅਹਿਮੀਅਤ ਦਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹੀ ਤਖ਼ਤ ਉੱਤੇ ਬੈਠਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਆਪਣਾ ਦਰਬਾਰ ਇੱਕ ਨਿੱਕੀ ਜਿਹੀ ਕੁਰਸੀ ਉੱਤੇ ਚੌਕੜੀ ਮਾਰ ਕੇ ਬੈਠਿਆਂ ਲਾਉਂਦੇ ਰਹੇ ਅਤੇ ਆਪਣੇ ਮੁਲਾਕਤੀਆਂ ਨੂੰ ਗਲੀਚੇ ਉੱਤੇ ਰੱਖੇ ਹੋਏ ਸਰਹਾਨਿਆਂ ਦੀ ਢੋਅ ਲਾ ਕੇ ਮਿਲਦੇ ਰਹੇ ਸਨ। ਉਨ੍ਹਾਂ ਦੇ ਸ਼ਾਹੀ ਸਿੱਕਿਆਂ ਉੱਤੇ ਨਾ ਉਨ੍ਹਾਂ ਦੀ ਮੂਰਤ ਅਤੇ ਨਾ ਹੀ ਉਨ੍ਹਾਂ ਦਾ ਨਾਂ ਉਕਰਿਆ ਹੁੰਦਾ ਸੀ। ਉਨ੍ਹਾਂ ਦਾ ਤਾਂ ਨਾਂ ਹੀ 'ਨਾਨਕਸ਼ਾਹੀ' ਸਿੱਕੇ ਰੱਖਿਆ ਹੋਇਆ ਸੀ ਅਤੇ ਉਨ੍ਹਾਂ ਉੱਤੇ ਕੇਵਲ ਗੁਰੂ ਨਾਨਕ ਸਾਹਿਬ ਦਾ ਨਾਂ ਅੰਕਿਤ ਹੁੰਦਾ ਸੀ। ਉਨ੍ਹਾਂ ਦੀ ਹਕੂਮਤ ਦਾ ਨਾਂ 'ਸਰਕਾਰ ਖ਼ਾਲਸਾ ਜੀ' ਅਤੇ ਦਰਬਾਰ ਦਾ ਨਾਂ 'ਦਰਬਾਰ ਖ਼ਾਲਸਾ ਜੀ' ਕਰਕੇ ਮਸ਼ਹੂਰ ਸੀ। ਲੋਕਾਂ ਦੇ ਨਾਮ ਆਪਣਾ ਨਿਕਟ ਸਬੰਧ ਕਾਇਮ ਰੱਖੇ ਰੱਖਣ ਲਈ, ਉਹ ਸਿਰਫ਼ 'ਸਿੰਘ ਸਾਹਿਬ' ਦੇ ਉਪਾਨਾਂ ਨਾਲ ਹੀ ਬੁਲਾਇਆ ਜਾਣਾ ਪਸੰਦ ਕਰਦੇ ਸਨ। ਉਨ੍ਹਾਂ ਦੀ ਬਾਦਸ਼ਾਹੀ, ਨਿਰਸੰਦੇਹ, ਇੱਕ ਅਜਿਹੇ ਪੱਕੇ ਪ੍ਰਧਾਨ ਵਾਲਾ ਲੋਕ-ਰਾਜ ਸੀ ਜਿਸ ਨੇ ਨਾ ਕਦੇ ਆਪਣੇ ਕਿਸਾਨੀ ਅਸਲੇ ਅਤੇ ਨਾ ਹੀ ਪੰਥ ਖ਼ਾਲਸਾ ਨਾਲ ਆਪਣੀ ਅਨਿੱਖੜ ਵਫ਼ਾਦਾਰੀ ਨੂੰ ਭੁਲਾਇਆ ਸੀ।[49]

ਆਪਣੇ ਉਕਤ ਵਿਚਾਰ ਨੂੰ ਹੋਰ ਸਪੱਸ਼ਟ ਕਰਦਿਆਂ, ਬੈਨਰਜੀ ਨੇ ਇਹ ਵੀ ਲਿਖਿਆ ਹੈ ਕਿ "ਮੱਤਾਂ ਕਿਤੇ ਇਹ ਮੰਨ ਲਿਆ ਜਾਏ ਕਿ ਮਹਾਰਾਜਾ ਰਣਜੀਤ ਸਿੰਘ ਇੱਕ ਦੀਨੀ ਹਕੂਮਤ ਦੀ ਕਠਪੁਤਲੀ ਜਾਂ ਹਥ-ਠੋਕੇ ਸਨ ਅਤੇ ਆਪਣੀ ਬਾਦਸ਼ਾਹੀ ਉੱਤੇ ਇੱਕ ਵਿਸ਼ੇਸ਼ ਮੱਤ ਦੇ ਹਿੱਤ ਲਈ ਹੀ ਰਾਜ ਕਰ ਰਹੇ ਸਨ, ਸਾਨੂੰ ਉਹ ਗੱਲ ਚਿਤਾਰ ਲੈਣੀ ਚਾਹੀਦੀ ਹੈ ਜੋ ਉਨ੍ਹਾਂ ਨੇ ਫ਼ਕੀਰ ਅਜ਼ੀਜ਼ ਦੀਨ ਨੂੰ 'ਕੁਰਾਨ ਮਜੀਦ' ਦੇ ਇੱਕ ਵੱਡ-ਮੁੱਲੇ ਉਤਾਰੇ ਦੀ ਖ਼ਰੀਦ ਦੇ ਸਬੰਧ ਵਿੱਚ, ਉਸ ਦੀ ਪੁੱਛ ਦੇ ਜਵਾਬ ਵਿੱਚ, ਕਹੀ ਸੀ "ਰੱਬ ਦੀ ਇਹ ਰਜ਼ਾ ਸੀ ਕਿ ਮੈਂ ਸਭ ਮੱਤਾਂ ਧਰਮਾਂ ਨੂੰ ਇੱਕੋ ਨਜ਼ਰ ਨਾਲ (ਭਾਵ ਸਮਾਨ ਰੂਪ ਵਿੱਚ) ਵੇਖਦਾ ਰਹਾਂ। ਇਸੇ ਲਈ ਉਨ੍ਹਾਂ ਨੇ ਮੇਰੀ ਦੂਜੀ ਅੱਖ ਦੀ ਲੋਅ ਮੈਥੋਂ ਵਾਪਸ ਲੈ ਲਈ ਸੀ।" ਇਹ ਕਹਾਣੀ ਅਪ੍ਰਮਾਣਕ ਹੋ ਸਕਦੀ ਹੈ, ਪਰ ਇਸ ਤੋਂ ਸਾਨੂੰ ਉਨ੍ਹਾਂ ਦੀ ਉਸ ਕਾਮਯਾਬੀ

47. ਉਕਤ, ਬੰਦ ਨੰ 72

48. ਉਕਤ, ਬੰਦ ਨੰ 66

49. Banerjee, Dr. Anil Chandra, **The Great Maharaja**, article in **The Sikh Review**, Calcutta Vol. XXVIII, No. 320, Aug. Sept., 1980, p. 120-21

ਦੀ ਸੂਹ ਜ਼ਰੂਰ ਮਿਲ ਜਾਂਦੀ ਹੈ ਜੋ ਉਨ੍ਹਾਂ ਨੇ ਤ੍ਰਿੰਨ ਮੁੱਖ ਮੱਤਾਂ ਦੇ ਪੈਰੋਕਾਰਾਂ -ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ- ਨੂੰ ਇਕਮੁੱਠ ਕਰਨ ਵਿੱਚ ਪ੍ਰਾਪਤ ਕਰ ਲਈ ਸੀ। ਆਪਣੇ ਅਫ਼ਸਰਾਂ ਤੇ ਸਲਾਹਕਾਰਾਂ ਦੀ ਚੋਣ ਲਈ ਜੋ ਕਸਵੱਟੀ ਉਨ੍ਹਾਂ ਨੇ ਰੱਖੀ ਹੋਈ ਸੀ, ਉਹ ਧਰਮ ਦੀ ਥਾਂ ਯੋਗਤਾ ਉੱਤੇ ਆਧਾਰਤ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਪਰਾਪਤੀਆਂ ਦੇ ਪ੍ਰਸੰਗ ਵਿੱਚ 'ਪੰਜਾਬੀ ਕੌਮੀਅਤ' ਦੀ ਗੱਲ ਕਰਨੀ ਐਨ ਉਸੇ ਤਰ੍ਹਾਂ ਇਤਿਹਾਸਕ ਕਾਲ-ਦੋਸ਼ਪੂਰਣ ਹੈ ਜਿਸ ਤਰ੍ਹਾਂ ਕਿ ਸ਼ਹਿਨਸ਼ਾਹ ਅਕਬਰ ਦੀ ਉਦਾਰ ਨੀਤੀ ਨੂੰ 'ਹਿੰਦੁਸਤਾਨੀ ਕੌਮੀਅਤ' ਦੇ ਪ੍ਰਗਟਾਵ ਲੇਬਲ ਲਾ ਦੇਣ ਦੇ ਸਬੰਧ ਵਿੱਚ ਹੋਵੇਗੀ। ਹੋਰ ਧਰਮਾਂ ਦੇ ਪੈਰੋਕਾਰਾਂ ਨਾਲ ਸਹਿਨਸ਼ੀਲਤਾ ਤੇ ਮਿਲਵਰਤਨ ਸਬੰਧੀ ਖ਼ਿਆਲ ਸਿੱਖ ਪਰੰਪਰਾ ਵਿੱਚ ਬੜੀ ਡੂੰਘੀ ਤਰ੍ਹਾਂ ਜੜ੍ਹ ਪਕੜ ਚੁੱਕੇ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਧਾਰਮਕ ਭਿੰਨ-ਭੇਦ ਤੋਂ ਅਪ੍ਰਭਾਵਿਤ ਰਾਜ-ਪ੍ਰਣਾਲੀ ਕਾਇਮ ਕਰਨ ਲੱਗਿਆਂ, ਉਸੇ ਪਰੰਪਰਾ ਦੀ ਪੈਰਵੀ ਕੀਤੀ ਸੀ। "ਖ਼ਾਲਸਾ ਜੀ ਨੇ ਆਪਣਾ ਰਾਜ-ਅਧਿਕਾਰ, ਅਸਲ ਵਿੱਚ ਭਾਵੇਂ ਇੱਕੋ ਸੱਜਣ ਦੇ ਹਵਾਲੇ ਕਰ ਦਿੱਤਾ ਸੀ, ਪਰ ਉਨ੍ਹਾਂ ਨੇ ਸਿੱਖ ਭਾਵਨਾ ਉੱਤੇ ਆਪਣੀ ਪਕੜ ਉਸੇ ਤਰ੍ਹਾਂ ਕਾਇਮ ਰੱਖੀ ਸੀ। ਉਨ੍ਹਾਂ ਨੇ ਤਾਂ ਪਰੰਪਰਾ ਵਲੋਂ ਸੰਕਟ-ਕਾਲ ਲਈ ਲਾਏ ਹੋਏ ਆਪਣੇ ਫਰਜ਼ ਦੀ ਅਦਾਇਗੀ ਵੀ ਨਹੀਂ ਭੁਲਾਈ ਸੀ।"

ਬੈਨਰਜੀ ਨੇ ਇਸ ਹਕੀਕਤ ਦੀ ਪੁਸ਼ਟੀ ਵਜੋਂ ਇੱਕ ਉੱਘੀ ਮਿਸਾਲ ਪੇਸ਼ ਕਰਦਿਆਂ ਇਹ ਵੀ ਦੱਸਿਆ ਹੈ ਕਿ "ਇਸ ਤੱਥ ਦੀ ਪਰੋੜ੍ਹਤਾ ਲਈ ਇੱਕ ਅਹਿਮ ਗਵਾਹੀ ਉਸ ਆਖ਼ਰੀ ਸਿਰਤੋੜ ਕੋਸ਼ਿਸ਼ ਤੋਂ ਵਿਦਿਤ ਹੈ ਜੋ ਖ਼ਾਲਸਾ ਜੀ ਨੇ ਆਪਣੇ ਵੱਡੇ-ਮੁੱਲੇ ਵਿਰਸੇ ਨੂੰ ਆਖ਼ਰੀ ਬਰਤਾਨਵੀ ਹੱਲੇ ਤੋਂ ਬਚਾਉਣ ਲਈ ਕੀਤੀ ਸੀ। ਅੰਗਰੇਜ਼ ਗਵਰਨਰ-ਜੈਨਰਨ, ਹਾਰਡਿੰਗ ਨੇ ਇਸੇ ਨੂੰ ਇੱਕ 'ਲੋਕਰਾਜੀ ਇਨਕਲਾਬ' ਆਖਿਆ ਸੀ। ਕਨਿੰਘਮ ਲਿਖਦਾ ਹੈ, 'ਖ਼ਾਲਸਾ ਫ਼ੌਜ ਨੇ ਆਪਣੇ ਆਪਨੂੰ ਸਿੱਖ ਕੌਮ ਦੀ ਨੁਮਾਇੰਦਾ ਜਮਾਤ ਅਤੇ ਖ਼ਾਲਸਾ (ਪੰਥ) ਸਮਝ ਲਿਆ ਸੀ ਜੋ ਕੌਮੀ ਕਾਰਜਾਂ ਵਿੱਚ ਹਿੱਸਾ ਲੈਣ ਲਈ ਕਈ ਜਾਤੀਆਂ ਨਾਲ ਕਈ ਸਦੀਆਂ ਤੋਂ ਸੰਮਿਲਤ ਹੋ ਚੁੱਕਾ ਸੀ।' ...ਉਨ੍ਹਾਂ ਦਾ ਰਾਜ-ਭਾਗ ਭਾਵੇਂ ਇੱਕ ਬਦੇਸ਼ੀ ਤਾਕਤ ਦੀ ਪਕੜ ਵਿੱਚ ਆਗਿਆ ਸੀ, ਪਰ ਸਿੱਖ ਧਰਮ ਦੀ ਸੱਤਾ ਨੇ, ਉਨ੍ਹਾਂ ਦੀ ਸਿਰਲੱਥ ਘਾਲ ਰਾਹੀਂ, ਆਪਣੇ ਜਿਉਂਦੇ ਰਹਿਣ ਦਾ ਐਲਾਨ ਜ਼ਰੂਰ ਕਰ ਦਿੱਤਾ ਸੀ। ਅਜਿਹੇ ਘੋਰ ਸੰਕਟ ਸਮੇ ਵੀ ਖ਼ਾਲਸਾ ਫ਼ੌਜ ਵਿੱਚ ਕਾਇਮ ਰਹੀ ਅਜਿਹੀ ਲੋਕ-ਰਾਜੀ ਸਪਿਰਿਟ ਦੀ ਉਤਰ-ਜੀਵਿਤਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਵਡਿਆਈ ਦੀ ਇੱਕ ਅਹਿਮ ਗਵਾਹੀ ਹੈ।"[50] ਉਨ੍ਹਾਂ ਦੇ ਉਪਰ-ਵਰਣਿਤ ਪ੍ਰਭੂ-ਨਿਸਚੇ, ਗੁਰੂ ਸ਼ਰਧਾ, ਸਿੱਖੀ-ਸਿਦਕ, ਪੰਥਕ ਹਿੱਤ ਅਤੇ ਪੰਜਾਬ-ਪਿਆਰ ਦੀ ਸਫ਼ਲਤਾ ਤੇ ਸੁਰਖ਼ਰੂਈ ਦਾ ਵੀ ਇੱਕ ਅਕੱਟ ਸਬੂਤ ਹੈ।

---

50. Banerjee, Dr. Anil Chandra, **The Great Maharaja**, op. cit., Calcutta 1980, p. 122

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਕੇਵਲ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਸੰਕਲਪ ਤੇ ਸਰੂਪ

## ਪ੍ਰੋ. ਜੋਗਿੰਦਰ ਸਿੰਘ

ਮੈਂਬਰ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸਿੱਖ ਧਰਮ ਤੇ ਗੁਰ-ਮਤਿ ਵਿੱਚ 'ਢਾਡੀ' ਉਸ ਨੂੰ ਆਖਿਆ ਜਾਂਦਾ ਹੈ, ਜਿਹੜਾ ਢੱਡ 'ਸਾਜ਼ ਵਜਾ ਕੇ ਪ੍ਰਭੂ' ਜਾਂ ਗੁਰੂ ਜਸ ਗਾਇਨ ਕਰਦਾ ਹੈ। ਪੰਜਾਬ ਤੇ ਰਾਜਸਥਾਨ ਵਿੱਚ 'ਢਾਡੀ' ਉਸ ਨੂੰ ਆਖਿਆ ਜਾਂਦਾ ਸੀ, ਜਿਹੜਾ ਢੱਡ-ਸਾਜ਼ ਵਜਾ ਕੇ ਰਾਜਿਆਂ-ਮਹਾਰਾਜਿਆਂ ਦੇ ਦਰ-ਦਰਬਾਰ ਵਿੱਚ ਖੜ੍ਹਾ ਹੋ ਕੇ ਰਾਜਾ ਜਾਂ ਮਹਾਰਾਜਾ ਤੇ ਉਸ ਦੇ ਦਰਬਾਰ ਦਾ ਜਸ ਗਾਂਦਾ ਸੀ। ਖੋਜੀ ਵਿਦਵਾਨ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਇੱਕ ਲੇਖ 'ਮਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ' ਵਿੱਚ ਠੀਕ ਲਿਖਿਆ ਸੀ, ਕਿ ਭੱਟਾਂ ਵਾਗੂੰ ਮਿਰਾਸੀਆਂ ਦੀਆਂ ਵੀ ਦੋ ਭਾਈਚਾਰਕ ਸ਼੍ਰੇਣੀਆਂ ਹਨ। ਇੱਕ ਢਾਢੀ ਤੇ ਦੂਸਰੀ ਰਬਾਬੀ। ਜੋ ਮਿਰਾਸੀ ਕਵੀ ਵੀਰਾਂ-ਜੋਧਿਆਂ ਦੇ ਜੰਗੀ ਕਾਰਨਾਮੇ ਰਾਜ-ਦਰਬਾਰਾਂ ਵਿੱਚ ਢੱਡ ਨਾਲ ਗਾ ਕੇ ਸੁਣਾਉਂਦੇ ਹਨ, ਉਹ 'ਢਾਡੀ' ਅਖਵਾਂਦੇ ਹਨ ਅਤੇ ਜੋ ਮਿਰਾਸੀ ਰਬਾਬ ਵਜਾ ਕੇ ਰਾਗ ਦਾ ਅਲਾਪ ਕਰਦੇ ਹਨ, ਉਹ ਰਬਾਬੀ। ਢਾਡੀਆਂ ਜਾਂ ਰਬਾਬੀਆਂ ਦਾ ਮੁੱਖ ਕਿੱਤਾ ਇੱਕੋ ਜਿਹਾ ਹੀ ਸੀ। 'ਜਾਤਿ' ਦੋਹਾਂ ਦੀ ਨੀਵੀਂ ਸੀ, ਰਾਜੇ-ਮਹਾਰਾਜੇ ਹੀ ਇਹਨਾਂ ਦੇ ਇਸ਼ਟ-ਦਾਤੇ ਸਨ। ਉਸਤਤਿ ਕਰਕੇ ਹੀ ਇਹ ਆਪਣੀ ਆਰਥਿਕ ਭੁੱਖ ਦੂਰ ਕਰਦੇ ਸਨ। ਦੋਹਾਂ ਦੀ ਸਾਜ਼-ਵਿਧੀ ਤੇ ਗਾਇਨ-ਸ਼ੈਲੀ ਵਿੱਚ ਫਰਕ ਸੀ। ਇਸੇ ਕਰ ਕੇ ਢੱਡ ਦੇ ਗਾਇਕ ਨੂੰ 'ਢਾਡੀ' ਤੇ ਰਬਾਬ ਦੇ ਗਾਇਨ ਨੂੰ 'ਰਬਾਬੀ' ਆਖਿਆ ਜਾਂਦਾ ਹੈ।

ਢਾਡੀਆਂ ਦੀ ਧਰਤੀ ਵਿਆਪਕ ਰੂਪ ਵਿੱਚ ਪੰਜਾਬ ਦੀ ਸੀਮਾ ਹੀ ਰਹੀ ਹੈ। ਪੰਜਾਬ ਦੀ ਸੀਮਾ ਵਿੱਚ ਹੰਨੇ ਹੰਨੇ ਮੀਰੀ ਸੀ। ਮੀਰ-ਰਾਜਾ ਆਪਣੀ ਸ਼ੋਭਾ ਤੇ ਪ੍ਰਭਾਵ ਨੂੰ ਸਥਾਪਿਤ ਅਤੇ ਸੁਰਖਿਅਤ ਰੱਖਣ ਲਈ ਆਪਣੇ ਦਰਬਾਰਾਂ ਵਿੱਚ ਢਾਡੀ ਜੱਥਿਆਂ ਨੂੰ ਰੱਖਦਾ ਸੀ। ਢਾਡੀਆਂ ਦਾ ਮੁੱਖ ਕੰਮ 'ਵਾਰਾਂ' ਸਿਰਜਨਾ ਤੇ ਫਿਰ ਰਾਜਿਆਂ-ਮਹਾਰਾਜਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਰਾਜ-ਦਰਬਾਰ ਵਿੱਚ ਉਨ੍ਹਾਂ ਦਾ ਗਾਇਨ ਕਰਨਾ ਹੁੰਦਾ ਸੀ। ਵਾਰਾਂ ਹਮੇਸ਼ਾਂ ਕਾਵਿ-ਰੂਪ ਵਿੱਚ ਹੁੰਦੀਆਂ ਸਨ- ਵਾਰਤਕ ਵਿੱਚ ਨਹੀਂ। ਵਾਰਾਂ ਵਿੱਚ ਵਾਰਤਾ ਵੀ ਯੁੱਧ-ਕਥਾ ਦੀ ਹੀ ਹੁੰਦੀ, ਪਰ ਨਾਇਕ ਜਾਂ ਨਾਇਕ-ਯੋਧੇ ਦੀ ਸਿਫਤ-ਸਲਾਹ ਵੀ ਕੀਤੀ ਜਾਂਦੀ ਸੀ। ਵਾਰਾਂ ਦਾ ਉਦੇਸ਼ ਨਾਇਕ ਜਾਂ ਰਾਜੇ ਨੂੰ ਸਰਬ-ਉੱਤਮ, ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਉਜਾਗਰ ਕਰਨਾ ਹੀ ਹੁੰਦਾ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ ਜਿੰਨਾ ਵੀ ਵਾਰ-ਸਾਹਿਤ ਮਿਲਦਾ ਹੈ, ਉਹ ਲਿਖਿਆ ਆਧਾਰਿਤ ਹੈ। ਵਾਰ-ਸਾਹਿਤ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਪੰਜਾਬ ਵਿੱਚ ਢਾਡੀ-ਜੱਥਿਆਂ ਜਾਂ ਢਾਡੀ-ਪ੍ਰੰਪਰਾ ਦੀ ਸੁਪ੍ਰਸਿੱਧੀ ਸੀ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਨਹਾਰ, ਖਾਸ ਕਰ ਕੇ ਗੁਰੂ ਬਾਣੀਕਾਰ-ਕਵੀ ਭਾਵੇਂ ਅਧਿਆਤਮਿਕ ਹਨ, ਅਧਿਆਤਮਿਕ ਵਾਰਾਂ ਦੀ ਸਿਰਜਣਾ ਕਰਦੇ ਹਨ ਪਰ 'ਢਾਢੀ-ਪੱਦ' ਦੀ ਬਹੁਤੀ ਵਰਤੋਂ ਉਨ੍ਹਾਂ ਨੇ ਵਾਰ ਸਾਹਿਤ ਵਿੱਚ ਹੀ ਕੀਤੀ ਹੈ। ਦੁਨਿਆਵੀ ਜਾਂ ਇਤਿਹਾਸਕ ਵਾਰ-ਸਹਿਤ ਲਿਖਣ ਵਾਲਾ ਢਾਡੀ ਇੱਕ ਸੰਸਾਰੀ ਵਿਅਕਤੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਲਿਖਣ ਵਾਲਾ ਦਾਤਿ-ਜੋਤਿ-ਇਲਾਹੀ ਦਾ ਮਾਲਕ 'ਗੁਰੂ' ਹੈ। ਗੁਰੂ ਭਾਵੇਂ ਗੁਰੂ ਨਾਨਕ ਦੇਵ ਜੀ ਹਨ, ਗੁਰੂ ਅਮਰਦਾਸ ਜੀ ਹਨ, ਗੁਰੂ ਰਾਮਦਾਸ ਜੀ ਜਾਂ ਗੁਰੂ ਅਰਜਨ ਦੇਵ ਜੀ ਹਨ ਉਹ ਆਪਣੇ ਆਪ ਨੂੰ ਢਾਢੀ ਕਹਿਣ ਵਿੱਚ ਗੌਰਵ ਮਹਿਸੂਸ ਕਰਦੇ ਹਨ। ਇਹ ਵੀ ਇੱਕ ਕਾਰਨ ਹੈ ਕਿ ਗੁਰੂ ਸਾਹਿਬ ਨੇ ਗੁਰੂ-ਸਾਹਿਤ ਤੋਂ ਸਿੱਖ ਧਰਮ ਵਿੱਚ ਢਾਡੀ-ਜਥਿਆਂ ਤੇ ਢਾਡੀ-ਪ੍ਰੰਪਰਾ ਨੂੰ ਬੜੀ ਮਾਨਤਾ ਤੇ ਮਹਾਨਤਾ ਦਿੱਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਸ਼ਬਦ ਦੀ ਵਰਤੋਂ ਸ਼ੁੱਧ ਰੂਪ ਵਿੱਚ ਅਧਿਆਤਮਿਕ ਅਰਥਾਂ ਵਿੱਚ ਕੀਤੀ ਗਈ ਹੈ। ਇਥੋਂ ਢਾਢੀ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੇ ਹੋਰ ਜੋਤਿ-ਰੂਪ ਗੁਰੂ ਸਾਹਿਬਾਨ ਨੇ ਆਪਣੇ ਵਾਸਤੇ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਢਾਢੀ ਉਹ ਨਹੀਂ, ਜਿਹੜਾ ਮਿਰਾਸੀ ਸ਼੍ਰੇਣੀ ਦਾ ਹੈ, ਨੀਚ ਜਾਤਿ ਦਾ ਹੈ ਜਾਂ ਜਿਹੜਾ ਢੱਡ-ਸਾਜ ਨਾਲ ਵਾਰਾਂ ਦਾ ਗਾਇਨ ਕਰਦਾ ਹੈ। ਇਹ ਢਾਢੀ ਵਿਅਕਤੀ ਨਹੀਂ, ਜਿਹੜਾ ਦੁਨਿਆਵੀ ਰਾਜ-ਦਰਬਾਰਾਂ ਵਿੱਚ ਰਾਜਿਆਂ-ਮਹਾਰਾਜਿਆਂ ਦੀ ਸਿਫਤ-ਸਾਲਾਹ ਗਾਇਨ ਕਰਦਾ ਹੈ। ਇਹੀ ਕਾਰਨ ਹੈ

ਕਿ ਗੁਰੂ ਨਾਨਕ-ਪ੍ਰੰਪਰਾ ਦੇ ਸਾਰੇ ਗੁਰੂ ਸਾਹਿਬਾਨ ਢਾਡੀ ਸ਼ਬਦ ਦੀ ਥਾਂ ਢਾਢੀ ਸ਼ਬਦ ਦੀ ਵਰਤੋਂ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਾਵੇਂ ਛੇ ਗੁਰੂ ਸਾਹਿਬਾਨ ਦੀ ਬਾਣੀ ਸੰਪਾਦਿਤ ਹੋਈ ਹੈ, ਪਰ ਗੁਰੂ ਅੰਗਦ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ 'ਵਾਰ' ਕਾਵਿ ਰੂਪ ਦੀ ਵਰਤੋਂ ਨਹੀਂ ਹੋਈ। ਇਸੇ ਕਰਕੇ ਗੁਰੂ ਅੰਗਦ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਵਾਸਤੇ 'ਢਾਢੀ' ਸ਼ਬਦ ਦੀ ਵਰਤੋਂ ਨਹੀਂ ਕੀਤੀ। ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ- ਚਾਰੇ ਗੁਰੂ ਸਾਹਿਬਾਨ ਆਪਣੇ ਆਪ ਨੂੰ ਢਾਢੀ ਕਹਿ ਕੇ, ਸਗਲ ਭਵਨ ਦੇ ਨਾਇਕ-ਗੁਰ-ਪ੍ਰਮੇਸ਼ਰ ਦੀ ਸਿਫਤ-ਸਾਲਾਹ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਸੰਕਲਪ ਤੇ ਸਰੂਪ ਸੰਸਾਰੀ ਢਾਡੀ-ਪ੍ਰੰਪਰਾ ਤੋਂ ਬਿਲਕੁਲ ਵੱਖਰਾ ਤੇ ਵਿਲੱਖਣ ਹਸਤਾਖਰ ਦਾ ਪ੍ਰਤੀਕ ਹੈ। ਇਸ ਨੂੰ ਨਿਰੰਕਾਰ ਜਾਂ ਪ੍ਰਮੇਸ਼ਰ ਦਾ ਢਾਢੀ ਆਖਿਆ ਜਾ ਸਕਦਾ ਹੈ। ਇਸ ਢਾਢੀ ਦੀ ਗਾਇਨ ਸ਼ੈਲੀ ਢਾਡੀ ਪ੍ਰੰਪਰਾ ਵਾਲੀ ਹੀ ਹੈ, ਪਰ ਰਾਜਾ-ਮਹਾਰਾਜਾ, ਤਖਤ, ਦਰਬਾਰ, ਸਿਫਤ-ਸਾਲਾਹ, ਫੌਜਾਂ, ਯੁੱਧ, ਸੂਰਮੇ, ਹਥਿਆਰਾਂ ਦੇ ਸੰਕਲਪ ਤੇ ਸਰੂਪ ਬਿਲਕੁਲ ਵਿਲੱਖਣ ਤੇ ਸ਼ੁਧ ਰੂਪ ਵਿੱਚ ਅਧਿਆਤਮਿਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤਮ-ਸੰਸਾਰ ਦੀ ਥਾਂ ਇੱਕ ਨਿਰੰਕਾਰ ਸੰਸਾਰ ਦੀ ਕਲਪਨਾ ਤੇ ਸਿਰਜਨਾ ਕਰਦੇ ਹਨ। ਇਸ ਕਲਪਣਾ ਅਤੇ ਸਿਰਜਨਾ ਵਿੱਚ ਸੱਚ ਦੀ ਪ੍ਰਧਾਨਤਾ ਹੈ। ਇੱਥੇ ਭਾਵੇਂ ਨਾਇਕ ਨਿਰੰਕਾਰ ਹੋਵੇ, ਰਾਜਾ-ਮਹਾਰਾਜਾ ਹੋਵੇ, ਤਖਤ ਤੇ ਦਰਬਾਰ ਹੋਵੇ, ਯੁੱਧ ਜਾਂ ਸੂਰਮੇ ਹੋਣ, ਉਸਤਤਿ ਜਾਂ ਸਿਫਤ ਸਾਲਾਹ ਹੋਵੇ ਉਸ ਦਾ ਸਰੂਪ ਵਿਅਕਤੀ ਵਾਲਾ ਨਹੀਂ, ਹਉਮੈਂ ਵਾਲਾ ਨਹੀਂ, ਭੈਅ ਵਾਲਾ ਨਹੀਂ, ਵੇਕਾਰੀ ਨਹੀਂ, ਕੂੜ ਵਾਲਾ ਨਹੀਂ, ਸਰੀਰਕ ਭੁਖ-ਭੋਜਨ ਦੇ ਨਵਿਰਤ ਕਰਨ ਵਾਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਸੰਕਲਪ ਤੇ ਸਰੂਪ ਨਿਰੋਲ ਅਧਿਆਤਮਿਕ ਹੈ, ਸੱਚ ਤੇ ਪਤਿ, ਸ਼ਬਦ ਤੇ ਸਿਫਤ-ਸਾਲਾਹ, ਸਹਿਜ ਤੋਂ ਸੂਰਮਗਤੀ, ਅਰਦਾਸ ਤੇ ਪ੍ਰਸਾਦਿ, ਮਹਿਲ ਤੇ ਮੇਲਾਪ, ਅੰਮ੍ਰਿਤ ਤੇ ਰਸਿਕਤਾ ਦੀਆਂ ਆਦਰਸ਼ ਕੀਮਤਾਂ ਨਾਲ ਸ਼ਿੰਗਾਰਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਢਾਢੀ ਆਤਮਕ, ਮੰਡਲ ਵਿੱਚ ਜਿਉਂਦਾ ਹੈ, ਉਹ ਗੁਰ-ਪ੍ਰਮੇਸ਼ਰ ਹੋ ਕੇ ਵੀ ਆਪਣੇ ਆਪ ਨੂੰ ਨੀਚ ਜਾਤਿ ਨਾਲ ਉਪਮਾ ਦਿੰਦਾ ਹੈ।

*ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥* (ਆਸਾ ਕੀ ਵਾਰ ਮਹਲਾ 1)

ਆਪਣੇ ਆਪ ਨੂੰ 'ਵੇਕਾਰ' ਤੇ 'ਪੁਕਾਰ' ਕਰਨ ਵਾਲਾ ਆਖਦੇ ਹਨ:

1. *ਹਉ ਢਾਢੀ ਵੇਕਾਰੁ ਕਾਰੈ ਲਾਇਆ॥*
   *ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥* (ਮਾਝ ਕੀ ਵਾਰ ਮ: 1)
2. *ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ॥* (ਗੂਜਰੀ ਕੀ ਵਾਰ ਮਹਲਾ 3)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਜੋ ਸੰਕਲਪ ਤੇ ਸਰੂਪ ਮੂਰਤੀ ਮਾਨ ਹੋਇਆ ਹੈ, ਹੇਠਲੀ ਪਉੜੀ ਤੋਂ ਸਹਿਜੇ ਹੀ ਸਪਸ਼ਟ ਹੋ ਰਿਹਾ ਹੈ:

*ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥*
*ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥*
*ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ॥*
*ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ॥*
*ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥* (ਗੂਜਰੀ ਕੀ ਵਾਰ ਮਹਲਾ 3)

ਅਰਥਾਤ: ਢਾਢੀ ਉਸ ਨੂੰ ਆਖਿਆ ਜਾ ਸਕਦਾ ਹੈ, ਜਿਸ ਨੇ ਖਸਮ-ਪ੍ਰਭੂ ਨਾਲ ਪਿਆਰ ਦੀ ਸਾਂਝ ਪਾਈ ਹੈ, ਜਿਹੜਾ ਖਸਮ-ਪ੍ਰਭੂ ਦੇ ਦਰ ਤੇ ਖੜਾ ਸੇਵਾ ਦੀ ਭਾਵਨਾ ਵਿੱਚ ਹੈ, ਗੁਰੂ ਸ਼ਬਦ ਦੀ ਵੀਚਾਰ ਕਰ ਰਿਹਾ ਹੈ, ਜਿਸ ਨੇ ਪ੍ਰਭੂ-ਦਰ-ਘਰ ਇੱਥੋਂ ਪ੍ਰਾਪਤ ਕਰ ਕੇ ਆਪਣੇ ਹਿਰਦੇ ਵਿੱਚ ਸੱਚ ਨੂੰ ਰੱਖ ਲਿਆ ਹੈ। ਗੁਰੂ ਅਮਰਦਾਸ ਜੀ ਆਖਦੇ ਹਨ ਕਿ ਢਾਢੀ ਦਾ ਮਹਿਲ ਅਗਲਾ ਹੈ ਅਰਥਾਤ ਜਿੱਥੇ ਖਸਮ-ਪ੍ਰਭੂ ਵਸਦਾ ਹੈ, ਉਸ ਦਾ ਨਾਮ ਜਪਣਾ, ਹੁਕਮ ਨਾਲ ਪਿਆਰ ਕਰਨਾ, ਇਹੀ ਢਾਢੀ ਦੀ ਸੇਵਾ-ਚਾਕਰੀ ਹੈ। ਇਸ ਨਾਲ ਹੀ ਉਸ ਦਾ ਨਿਸਤਾਰ ਹੋਣਾ ਹੈ। ਗੁਰੂ ਅਮਰਦਾਸ ਜੀ ਨੇ ਢਾਢੀ ਦਾ ਸੰਕਲਪ ਅਤੇ ਸਰੂਪ ਨਿਸਚਿਤ ਕਰਦੇ ਹੋਏ ਸ਼ਪਸ਼ਟ ਰੂਪ ਵਿੱਚ ਪੰਜ-ਗੁਣ ਤੱਤਾਂ ਦਾ ਜ਼ਿਕਰ ਕੀਤਾ ਹੈ:

1. ਢਾਢੀ ਖਸਮ- ਮਹਿਲ ਦਾ ਵਾਸੀ ਹੈ।

2. ਢਾਢੀ ਖਸਮ- ਦਰ ਘਰ ਦੀ ਸੇਵਾ-ਚਾਕਰੀ ਕਰਦਾ ਹੈ।

3. ਢਾਢੀ ਦਾ ਮੁੱਖ ਕਰਤੱਵ ਨਾਮ ਜਪਣਾ, ਸ਼ਬਦ ਦਾ ਵੀਚਾਰ ਕਰਨਾ ਤੇ ਪ੍ਰਭੂ ਨਾਲ ਪਿਆਰ ਕਰਨਾ ਹੈ।

4. ਢਾਢੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਹਿਰਦੇ ਵਿੱਚ ਸੱਚ ਰੱਖੇ ਤੇ ਸੱਚ ਦੀ ਸੰਭਾਲ ਕਰੇ।

5. ਢਾਢੀ ਲਈ ਇਹੀ ਅਧਿਆਤਮਿਕ ਵਿਧੀ ਹੈ ਕਿ ਉਹ ਖਸਮ-ਪ੍ਰਭੂ ਮਹਿਲ ਦਾ ਵਾਸੀ ਬਣ ਕੇ ਪ੍ਰਭੂ ਦੀ ਸਿਫਤ ਸਾਲਾਹ ਕਰੇ। ਇਸੇ ਨਾਲ ਹੀ ਢਾਢੀ ਦਾ ਨਿਸਤਾਰਾ ਤੇ ਪਾਰ-ਉਤਾਰਾ ਹੋ ਸਕਦਾ ਹੈ।

ਢਾਢੀ ਦਾ ਇਹ ਅਧਿਆਤਮਿਕ ਸੰਕਲਪ ਤੇ ਸਰੂਪ ਗੁਰੂ ਨਾਨਕ ਦੇਵ ਜੀ ਨੂੰ ਬਹੁਤ ਪਸੰਦ ਸੀ, ਖਸਮ-ਪ੍ਰਭੂ ਨਾਲ ਪਿਆਰ ਕਰ ਕੇ, ਉਸ ਦੀ ਸੇਵਾ-ਚਾਕਰੀ ਵਿੱਚ ਜੀਉਣਾ ਉਨ੍ਹਾਂ ਨੂੰ ਚੰਗਾ ਲੱਗਾ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਆਪ ਨੂੰ ਢਾਢੀ ਕਹਿਣ ਵਿੱਚ ਗੌਰਵ ਮਹਿਸੂਸ ਕੀਤਾ ਹੈ। ਢਾਡੀ ਭਾਵੇਂ ਨੀਚ ਜਾਤਿ ਨਾਲ ਸੰਬੰਧਤ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਨੀਚਾਂ ਨਾਲ ਕੇਵਲ ਆਪਣੀ ਸਾਂਝ ਪ੍ਰਗਟਾਣ ਲਈ ਹੀ ਨਹੀਂ, ਸਗੋਂ ਨਿੰਮ੍ਰਤਾ ਨੂੰ ਉੱਚਾ ਤੇ ਉਜਾਗਰ ਕਰਨ ਲਈ ਆਪਣੇ ਆਪ ਨੂੰ ਢਾਢੀ ਵਿਸ਼ੇਸ਼ਣ ਨਾਲ ਸ਼ਿੰਗਾਰਿਆ ਵੀ ਹੈ। ਖਾਸ ਕਰ ਕੇ ਆਪਣੇ ਆਪ ਨੂੰ 'ਹਉ ਵੇਕਾਰ' ਅਰਥਾਤ ਮੇਰੇ ਕੋਲ ਕੋਈ ਕਾਰ-ਕਿੱਤਾ ਨਹੀਂ ਸੀ, ਮੈਨੂੰ ਖਸਮ-ਪ੍ਰਭੂ ਨੇ ਆਪਣੇ ਸੱਚੇ ਮਹਿਲ-ਦਰਬਾਰ ਵਿੱਚ ਬੁਲਾ ਕੇ ਕਾਰੇ ਲਾ ਦਿੱਤਾ ਤੇ ਆਖਿਆ ਇਹ ਕਿ ਸੰਸਾਰ ਵਿੱਚ ਜਾ ਕੇ ਰਾਤ-ਦਿਨ, ਸਾਰਾ ਜੀਵਨ ਪ੍ਰਭੂ ਦੀ ਸਿਫਤ-ਸਾਲਾਹ ਦੀ ਵਾਰ ਗਾਉ। ਇਸ ਸੱਚੀ ਸਿਫਤ-ਸਾਲਾਹ ਦਾ ਹੀ ਕੱਪੜਾ ਹੋਵੇ, ਇਹੀ ਅੰਮ੍ਰਿਤ-ਨਾਮ ਭੋਜਨ ਹੋਵੇ। ਗੁਰੂ ਨਾਨਕ ਦੇਵ ਜੀ ਆਖਦੇ ਹਨ, ਕਿ ਖਸਮ-ਮਹਿਲ ਵਿੱਚੋਂ ਜਿਹੜੀ ਗੁਰੂ-ਮਤਿ ਮੈਨੂੰ ਮਿਲੀ, ਮੈਂ ਉਸ ਨੂੰ ਰੱਜ ਰੱਜ ਕੇ ਖਾਧਾ, ਕੇਵਲ ਖਾਧਾ ਹੀ ਨਹੀਂ, ਸਗੋਂ ਸਾਰੇ ਸੰਸਾਰ ਵਿੱਚ 'ਸ਼ਬਦ' ਦਾ ਪਸਾਉ ਵੀ ਕੀਤਾ ਅਤੇ ਗਾਇਨ ਵੀ ਕੀਤਾ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*

*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*

*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*

*ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥* (ਮਾਝ ਕੀ ਵਾਰ ਮ: 1)

ਗੁਰੂ ਨਾਨਕ ਦੇਵ ਜੀ ਇਹ ਵੀ ਸਾਖੀ ਭਰਦੇ ਹਨ, ਕਿ ਜਦੋਂ ਢਾਢੀ ਖਸਮ ਦੇ ਦਰਬਾਰ ਵਿੱਚ ਆ ਗਿਆ, ਤਾਂ ਉਸ ਨੂੰ ਖਸਮ-ਪ੍ਰਭੂ ਵਲੋਂ ਅਨੇਕਾਂ ਅਧਿਆਤਮਿਕ ਪ੍ਰਾਪਤੀਆਂ ਹੋ ਗਈਆਂ:

1. ਢਾਢੀ ਦਾ ਕਲਮ (ਹਿਰਦਾ) ਖਿੜ ਗਿਆ।

2. ਢਾਢੀ ਦਾ ਮਨ ਰਹੱਸਮਈ ਹੋ ਗਿਆ।

3. ਢਾਢੀ ਦੁਸ਼ਮਣ (ਪਸ਼ੂ) ਵਿਕਾਰਾਂ ਨੂੰ ਮੁਕਾ ਜਾਂ ਮਾਰ ਕੇ ਆਤਮਕ ਤੌਰ ਤੇ ਉੱਚਾ ਹੋ ਗਿਆ।

4. ਢਾਢੀ ਨੂੰ ਸਤਿਗੁਰੂ-ਸਿਮਰਨ ਦਾ ਸੱਚਾ ਮਾਰਗ ਪਤਾ ਲਗ ਗਿਆ।

5. ਢਾਢੀ ਕਾਲ-ਮੁਕਤ ਹੋ ਕੇ ਸ਼ਬਦ-ਵੀਚਾਰ ਨਾਲ ਆਪਣਾ ਆਪਾ ਸੰਵਾਰਣ ਲਗ ਪਿਆ।

ਖਸਮ-ਪ੍ਰਭੂ ਦੇ ਦਰਬਾਰ ਵਿੱਚ ਰਹਿਣ ਨਾਲ ਢਾਢੀ ਕੋਲ ਇੰਨੀ ਗੁਣ-ਰਾਸਿ ਹੋ ਜਾਂਦੀ ਹੈ, ਕਿ ਉਹ 'ਹਰਿ' ਨਾਲ ਪਿਆਰ ਪਾ ਲੈਂਦਾ ਹੈ। ਮਾਝ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਪਣੇ ਵਾਕ ਹਨ:

*ਖਸਮੈ ਕੇ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥*

*ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥*

*ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥*

*ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥*

(ਮਾਝ ਕੀ ਵਾਰ ਮਹਲਾ 1)

ਗੁਰੂ ਅਮਰਦਾਸ ਜੀ ਤਾਂ ਆਖਦੇ ਹਨ, ਕਿ ਢਾਢੀ ਦੈਵੀ ਗੁਣਾਂ ਦਾ ਗਾਇਨ ਕਰਦਾ ਕਰਦਾ ਕੇਵਲ ਆਪਣੇ ਜਨਮ ਨੂੰ ਹੀ ਨਹੀਂ ਸੰਵਾਰ ਲੈਂਦਾ, ਸਗੋਂ ਖਸਮ-ਪ੍ਰਭੂ ਦੇ ਦਰ-ਘਰ ਦਾ ਮਹਿਲ ਪ੍ਰਾਪਤ ਕਰ ਕੇ 'ਨਾਮ' ਨਾਲ ਅੰਦਰੋਂ-

ਬਾਹਰੋਂ ਪਿਆਰ ਕਰਨ ਲਗ ਪੈਂਦਾ ਹੈ:

*ਢਾਢੀ ਗੁਣ ਗਾਵੈ ਨਿਤ ਜਨਮ ਸਵਾਰਿਆ॥ ਘਰੁ ਦਰੁ ਪਾਵੈ ਮਹਲੁ ਨਾਮ ਪਿਆਰਿਆ॥*

(ਸੂਹੀ ਕੀ ਵਾਰ ਮਹਲਾ 3)

ਗੁਰੂ ਰਾਮਦਾਸ ਪਾਤਿਸ਼ਾਹ ਵੀ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਅਨੁਸਾਰ ਆਪਣੇ ਆਪ ਨੂੰ ਹਰਿ-ਪ੍ਰਭੂ ਖਸਮ ਦਾ ਢਾਢੀ ਸਵੀਕਾਰ ਕਰਦੇ ਹਨ ਅਤੇ ਆਖਦੇ ਹਨ ਇਹ ਹਨ ਕਿ ਹਰਿ ਨੇ ਮੇਰੀ ਅੰਦਰਲੀ ਪੁਕਾਰ ਸੁਣ ਕੇ ਮੈਨੂੰ ਆਪਣੇ ਕੋਲ ਬੁਲਾਇਆ ਹੈ। ਮੇਲ-ਮੁਲਾਕਾਤ ਵਿੱਚ ਹਰਿ-ਪ੍ਰਭੂ ਨੇ ਪੁੱਛਿਆ, ਕਿ ਢਾਢੀ ਤੂੰ ਕਿਸ 'ਅਰਥ' ਮੇਰੇ ਕੋਲ ਆਇਆ ਹੈ। ਢਾਢੀ ਕਹਿਣ ਲੱਗਾ, ਕਿ ਹੇ ਪ੍ਰਭੂ ਮੇਰੇ ਉੱਤੇ ਦਇਆਲ ਹੋਵੋ, ਹਰਿ-ਨਾਮ ਜਪਣ ਦਾ ਨਿਰੰਤਰ ਦਾਨ ਦੇਵੋ। ਗੁਰੂ ਰਾਮਦਾਸ ਜੀ ਵੀ ਕਹਿੰਦੇ ਹਨ, ਕਿ ਮੇਰੇ ਮੰਗਣ ਉਤ ਹਰਿ-ਦਾਤੇ ਨੇ ਕੇਵਲ ਨਾਮ ਜਪਾਇਆ ਹੀ ਨਹੀਂ, ਸਗੋਂ ਨਾਮ ਦਾ ਕੱਪੜਾ ਵੀ ਪਹਿਨਾ ਦਿੱਤਾ:

*ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥*
*ਹਰਿ ਅੰਦਰਿ ਸੁਣੀ ਪੁਕਾਰ ਢਾਢੀ ਮੁਖਿ ਲਾਇਆ॥*
*ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂ ਆਇਆ॥*
*ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥* (ਸਿਰੀ ਰਾਗ ਕੀ ਵਾਰ ਮਹਲਾ 4)

ਢਾਢੀ ਭਾਵੇਂ ਹਰਿ-ਗੁਣ ਗਾ ਗਾ ਕੇ ਖਸਮ-ਦਰਬਾਰ ਨਾਲ ਪਿਆਰ ਦੀ ਸਾਂਝ ਪਾ ਲੈਂਦਾ ਹੈ, ਪਰ ਉਸ ਦੀ ਮਾਨਸਿਕ ਇੱਛਾ ਇਹ ਬਣ ਜਾਂਦੀ ਹੈ, ਕਿ ਪ੍ਰਭੂ ਦੇ ਦਰਸ਼ਨ ਨਿਰੰਤਰ ਹੁੰਦੇ ਰਹਿਣ। ਢਾਢੀ ਦਾ ਵਿਸ਼ਵਾਸ਼ ਬਣ ਜਾਂਦਾ ਹੈ, ਕਿ ਦਾਤਾਰ ਪ੍ਰਭੂ ਨੇ ਮੇਰੀ ਅਰਦਾਸ ਸੁਣ ਕੇ ਆਪਣੇ ਮਹਿਲ ਵਿੱਚ ਬੁਲਾਇਆ ਹੈ। ਪ੍ਰਭੂ ਇੰਨਾ ਦਇਆਲ ਹੋ ਗਿਆ ਹੈ ਕਿ ਮੇਰੀ ਦੁੱਖ-ਭੁੱਖ ਸਭ ਮਿਟ ਗਈ ਹੈ, ਕੁਝ ਮੰਗਣ ਵਾਸਤੇ ਚਿਤ ਹੀ ਨਹੀਂ ਕਰਦਾ, ਪ੍ਰਭੂ-ਪ੍ਰਾਪਤੀ ਨਾਲ ਸਭ ਇੱਛਾਵਾਂ ਪੂਰੀਆਂ ਹੋ ਗਈਆਂ ਹਨ, ਮੇਰੇ ਉੱਤੇ ਇੰਨੀ ਬਖਸ਼ਿਸ਼ ਕਰ ਦਿੱਤੀ ਹੈ ਕਿ ਪ੍ਰਭੂ-ਪੁਰਖਿ ਵਾਲਾ ਬਣਾ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਦੇ ਆਪਣੇ ਵਾਕ ਹਨ:

*ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭੂ ਭਾਵੈ॥*
*ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥*
*ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ॥*
*ਪ੍ਰਭੁ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥*
*ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਿਲ ਬੁਲਾਵੈ॥*
*ਪ੍ਰਭੁ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ॥*
*ਸਭੇ ਇਛਾ ਪੂਰੀਆ, ਲਗਿ ਪ੍ਰਭ ਕੈ ਪਾਵੈ॥*
*ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥* (ਮਾਰੂ ਵਾਰ ਡਖਣੇ ਮਹਲਾ 5)

ਗੁਰੂ ਅਰਜਨ ਦੇਵ ਜੀ ਜਿੱਥੇ ਆਪਣੇ ਆਪ ਨੂੰ ਢਾਢੀ ਕਹਿੰਦੇ ਹਨ, ਉੱਥੇ ਉਹ ਢਾਢੀ ਦੀ ਮਾਨਤਾ ਤੇ ਮਹਾਨਤਾ ਪ੍ਰਗਟਾਉਂਦੇ ਹੋਏ ਉਸ ਢਾਢੀ ਤੋਂ ਕੁਰਬਾਨ ਜਾਂਦੇ ਹਨ, ਜਿਹੜਾ ਪ੍ਰਭੂ ਦਰ-ਘਰ ਵਿੱਚ ਸੇਵਾਦਾਰ ਦੇ ਰੂਪ ਵਿੱਚ ਬੈਠਾ ਹੈ, ਉਸ ਢਾਢੀ ਤੋਂ ਬਲਿਹਾਰ ਜਾਂਦੇ ਹਨ, ਜਿਹੜਾ ਖਸਮ-ਦਰਬਾਰ ਵਿੱਚ ਬੈਠਾ ਅਪਾਰ ਗੁਣ ਗਾ ਰਿਹਾ ਹੈ, ਉਸ ਢਾਢੀ ਨੂੰ ਧੰਨ ਧੰਨ ਆਖਦੇ ਹਨ, ਜਿਹੜਾ ਨਿਰੰਕਾਰ ਨੂੰ ਲੋੜ ਰਿਹਾ ਹੈ, ਉਸ ਢਾਢੀ ਨੂੰ ਭਾਗਾਂ (ਭਾਗਨ) ਵਾਲਾ ਆਖਦੇ ਹਨ, ਜਿਸ ਨੇ ਸੱਚੇ ਦੁਆਰ ਆਪਣਾ ਬਾਰ ਸਥਾਪਿਤ ਕਰ ਲਿਆ ਹੈ, ਉਸ ਢਾਢੀ ਨੂੰ ਜੇਤੂ ਆਖਦੇ ਹਨ, ਜਿਹੜਾ ਦਿਨ-ਰੈਣ ਪ੍ਰਭੂ ਦੇ ਧਿਆਨ ਵਿੱਚ ਜੀਉਂਦਾ ਹੈ ਉਹ ਢਾਢੀ ਕਦੀ ਹਾਰ ਦਾ ਮੂੰਹ ਨਹੀਂ ਦੇਖਦਾ, ਜਿਹੜਾ ਅੰਮ੍ਰਿਤ ਨਾਮ ਮੰਗਦਾ ਹੈ, ਕਪੜਾ ਭੋਜਨ ਹੀ ਸੱਚ ਦਾ ਰੱਖਦਾ ਹੈ, ਉਹ ਢਾਢੀ ਤਾਂ ਸੱਚਮੁੱਚ ਗੁਣਵੰਤ ਹੈ, ਜਿਸ ਨੇ ਹਉਮੈਂ, ਵਿਕਾਰ ਤੇ ਮੈਲ ਛੱਡ ਕੇ ਪ੍ਰਭੂ ਨਾਲ ਪਿਆਰ ਪਾ ਲਿਆ ਹੈ। ਗੁਰੂ ਅਰਜਨ ਦੇਵ ਜੀ ਨੇ ਢਾਢੀ ਦੇ ਸੰਕਲਪ ਤੇ ਸਰੂਪ ਨੂੰ ਇੰਨੇ ਵਿਸਥਾਰ ਰੂਪ ਵਿੱਚ ਮੂਰਤੀਮਾਨ ਕਰ ਦਿੱਤਾ ਹੈ ਕਿ ਉਸ ਦੀ ਹਸਤੀ ਤੇ ਹਸਤਾਖਰ ਸਪਸ਼ਟ ਰੂਪ ਵਿੱਚ ਢਾਡੀ ਪ੍ਰੰਪਰਾ ਤੇ ਵਿਲੱਖਣ ਦਿਸਣ ਲਗ ਪੈਂਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

*ਹਉ ਤਿਸੁ ਢਾਢੀ ਕੁਰਬਾਨ ਜਿ ਤੇਰਾ ਸੇਵਾਦਾਰੁ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥*
*ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ॥*
*ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ॥ ਮੰਗੈ ਅੰਮ੍ਰਿਤ ਨਾਮ ਨ ਆਵੈ ਕਦੇ ਹਾਰਿ॥*
*ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭੁ ਪਿਆਰ॥*

(ਰਾਮਕਲੀ ਦੀ ਵਾਰ ਮਹਲਾ 5)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਢਾਢੀ ਦਾ ਜੋ ਸੰਕਲਪ ਤੇ ਸਰੂਪ ਗੁਰੂ ਸਾਹਿਬਾਨ ਨੇ ਮੂਰਤੀਮਾਨ ਅਤੇ ਸਥਾਪਿਤ ਕੀਤਾ ਹੈ, ਉਸ ਸ਼ੁਧ ਰੂਪ ਵਿੱਚ ਅਧਿਆਤਮਿਕ ਹੈ। ਅਧਿਆਤਮਿਕਤਾ ਵਿੱਚ ਕੇਂਦਰੀ ਤੇ ਵਿਆਪਕ ਸ਼ਕਤੀ 'ਪ੍ਰਭੂ-ਪਾਰਬ੍ਰਹਮ' ਦੀ ਹੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜਿੱਥੇ ਪ੍ਰਭੂ-ਪਾਰਬ੍ਰਹਮ ਨੂੰ ਹੀ ਸ਼੍ਰੋਮਣੀ ਤੇ ਵਿਆਪਕ ਸ਼ਕਤੀ-ਨਾਇਕ ਮੰਨਦੀ ਹੈ, ਉੱਥੇ ਪ੍ਰਭੂ-ਪਾਰਬ੍ਰਹਮ ਦੀ ਸਿਫਤ-ਸਾਲਾਹ ਨੂੰ ਹੀ ਪ੍ਰਭੂ-ਪ੍ਰਾਪਤੀ ਦਾ ਸੱਚਾ ਮਾਰਗ ਸਵੀਕਾਰ ਕਰਦੀ ਹੈ। ਗੁਰੂ ਸਾਹਿਬਾਨ ਦੀ ਅਧਿਆਤਮਿਕ ਖੂਬਸੂਰਤੀ ਇਹ ਹੈ, ਕਿ ਉਨ੍ਹਾਂ ਨੇ ਆਪਣੀ ਅਧਿਆਤਮਿਕ ਕਲਪਣਾ ਵਿੱਚ 'ਪ੍ਰਭੂ-ਦਰਬਾਰ' ਦਾ ਸੰਪੂਰਨ ਤੇ ਸਾਕਾਰ ਨਕਸ਼ਾ ਉਲੀਕਿਆ ਹੈ। ਕਦੀ ਇਸ ਨੂੰ ਸੱਚ-ਖੰਡ ਆਖਦੇ ਹਨ, ਕਦੀ ਖਸਮ ਦਾ ਦਰ-ਘਰ, ਕਦੀ ਸੱਚਾ ਦਰਬਾਰ, ਕਦੀ ਸੱਚੀ ਦਰਗਾਹ, ਕਦੀ ਨਿਰੰਕਾਰ ਦਾ ਦੇਸ, ਕਦੀ ਅਬਿਚਲ ਨਗਰ, ਕਦੀ ਬੇਗਮਪੁਰਾ, ਕਦੀ ਅਨੰਦ ਭਵਨ ਤੇ ਕਦੀ ਪ੍ਰਭੂ ਦਾ ਮਹਿਲ। ਗੁਰੂ ਸਾਹਿਬ ਦਾ ਦ੍ਰਿੜ ਨਿਸ਼ਚਾ ਹੈ, ਕਿ ਨਿਰੰਕਾਰ ਇਸ ਅਧਿਆਤਮਿਕ-ਮੰਡਲ ਵਿੱਚ ਹੀ ਵਸਦਾ ਅਤੇ ਵਿਚਰਦਾ ਹੈ। ਗੁਰੂ-ਸਤਿਗੁਰੂ ਭਾਵੇਂ ਸਰੀਰਕ ਰੂਪ ਵਿੱਚ 239 ਸਾਲ ਲੋਕ-ਸੁਧਾਰ ਤੇ ਮਾਨਵ-ਉਧਾਰ ਲਈ ਧਰਤ-ਲੁਕਾਈ ਵਿੱਚ ਵਿਚਰਦੇ ਰਹੇ, ਪਰ ਉਨ੍ਹਾਂ ਦੀ ਜੋ ਜੀਵਨ-ਕ੍ਰਿਆ ਸੀ, ਜੋ ਅਨੁਭਵ ਤੇ ਗਿਆਨ ਸੀ, ਜੋ ਸੋਚ ਤੇ ਚਿੰਤਨ ਸੀ, ਜੋ ਬੋਲ ਤੇ ਬਾਣੀ ਸੀ, ਜੋ ਆਦੇਸ਼ ਤੇ ਆਦਰਸ਼ ਸੀ, ਉਹ ਸੰਸਾਰ ਵਿੱਚ ਨਿਰੰਕਾਰ ਨੂੰ ਸਲਾਮਤਿ ਤੇ ਸਥਾਪਿਤ ਕਰਨਾ ਹੀ ਸੀ। ਗੁਰੂ ਨਾਨਕ ਦੇਵ ਜੀ ਨੂੰ ਗੁਰੂ-ਸਤਿਗੁਰੂ ਦੇ ਰੂਪ ਵਿੱਚ ਦਾਤਿ ਰੂਪ ਵਿੱਚ ਜਿਹੜੀ ਇਲਾਹੀ ਜੋਤਿ ਪ੍ਰਾਪਤ ਹੋਈ, ਉਹ ਵੀ ਨਿਰੰਕਾਰੀ ਹੀ ਸੀ ਤੇ ਸੱਚਖੰਡ ਵਿੱਚ ਵਸਦੇ ਨਿਰੰਕਾਰ ਕੋਲੋਂ ਹੀ ਪ੍ਰਾਪਤ ਹੋਈ ਸੀ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਤਮ-ਸੰਸਾਰ ਜਾਂ ਸੰਸਾਰ-ਸਾਗਰ ਤੋਂ ਤਰਨ ਲਈ ਜਾਂ ਪ੍ਰਭੂ-ਮਹਿਲ ਦੀ ਪ੍ਰਾਪਤੀ ਲਈ ਅੰਮ੍ਰਿਤ ਨਾਮ ਦੀ ਪ੍ਰਾਪਤੀ ਗੁਰੂ ਸ਼ਬਦ ਦੀ ਵੀਚਾਰ, ਸੱਚੀ ਸਿਫਤ-ਸਾਲਾਹ, ਗੁਰ-ਦਇਆਲਤਾ ਤੇ ਬਖਸ਼ਿਸ਼, ਸਚੇ ਮਾਰਗ ਉੱਤੇ ਚਲਣ ਦੀ ਸਮਰੱਥਾ ਤੇ ਉੱਤਮ ਸੰਗਤਿ ਵਰਗੇ ਅਧਿਆਤਮਿਕ ਸਾਧਨਾ ਨੂੰ ਜੀਵਨ ਵਿੱਚ ਕਮਾਉਣ ਉੱਤੇ ਵਧੇਰੇ ਜੋਰ ਦਿੱਤਾ ਹੈ। ਗੁਰੂ ਸਾਹਿਬਾਨ ਦੀ ਵਿਸ਼ੇਸ਼ਤਾ ਇਹ ਹੈ, ਕਿ ਧਾਰਮਿਕ, ਸਮਾਜਕ, ਸਭਿਆਚਾਰਕ, ਰਾਜਨੀਤਕ ਤੇ ਸਾਹਿਤਕ ਮੰਡਲ ਦੀਆਂ ਪ੍ਰਤਿਸ਼ਟ ਤੇ ਮਾਡਲ ਸ਼ਖਸੀਅਤਾਂ ਦੇ ਸੰਕਲਪ, ਸਰੂਪ ਤੇ ਸਾਧਨਾ ਵਿਧੀਆਂ ਨੂੰ ਅਧਿਆਤਮਿਕ ਸਿਰਜ ਦਿੱਤਾ ਹੈ। ਦੇਵਤਾ, ਸੰਤ, ਸਾਧ, ਗੁਰਮੁਖਿ, ਪੁਰਖ, ਬ੍ਰਹਮ ਗਿਆਨੀ, ਪਾਤਿਸ਼ਾਹ, ਸੇਵਕ ਤੇ ਢਾਢੀ ਦੇ ਸਾਰੇ ਸੰਕਲਪ ਤੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਪਣੇ ਹੀ ਹਨ ਅਤੇ ਸ਼ੁੱਧ ਰੂਪ ਵਿੱਚ ਅਧਿਆਤਮਿਕ ਹਨ, ਖਾਸ ਕਰ ਕੇ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕਤਾ ਅਨੁਸਾਰ ਸਿਰਜੇ ਤੇ ਸੰਵਾਰੇ ਅਤੇ ਸਥਾਪਿਤ ਕੀਤੇ ਗਏ ਹਨ। ਇਹੀ ਕਾਰਨ ਹੈ, ਕਿ ਗੁਰੂ-ਸਾਹਿਬਾਨ ਜਦੋਂ ਆਪਣੇ ਆਪ ਨੂੰ ਢਾਢੀ ਸੰਕਲਪ ਤੇ ਸਰੂਪ ਰਾਹੀਂ ਮੂਰਤੀਮਾਨ ਕਰਦੇ ਹਨ ਤਾਂ ਉਨ੍ਹਾਂ ਦੀ ਜੀਵਨ-ਕ੍ਰਿਆ, ਸੋਚ-ਚਿੰਤਨ ਤੇ ਆਦਰਸ਼-ਪ੍ਰਾਪਤੀ ਨਿਰੋਲ ਅਧਿਆਤਮਿਕ ਹੈ, ਪਰ ਕਾਵਿ-ਸ਼ੈਲੀ ਸਾਰੀ ਦੀ ਸਾਰੀ ਢਾਡੀ-ਪ੍ਰੰਪਰਾ ਵਾਲੀ ਹੀ ਹੈ।


## ਵਿਦਿਆਰਥੀ ਕੀਰਤਨ ਦਰਬਾਰ

'ਅੰਮ੍ਰਿਤ ਕੀਰਤਨ' ਟ੍ਰਸਟ ਵਲੋਂ **ਮਿਤੀ 8 ਦਸੰਬਰ 2001** ਨੂੰ
ਨਿਰਧਾਰਿਤ ਰਾਗਾਂ ਵਿੱਚ ਵਿਦਿਆਰਥੀ ਕੀਰਤਨ ਦਰਬਾਰ
ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ।
ਵਧੇਰੇ ਜਾਣਕਾਰੀ ਲਈ
**ਪ੍ਰੋ. ਕਵਲਜੀਤ ਸਿੰਘ ਨਾਲ 0175-221013 'ਤੇ ਸੰਪਰਕ ਕਰੋ ਜੀ।**

# ਆਉ ਕਰੋਧ ਕਰੀਏ

## ਭਗਵੰਤ ਸਿੰਘ ਦਲਾਵਰੀ

Tapovan, Amravati 444 602 (Maharashtra)

ਕਿਤਨਾ ਮੂਰਖ ਹਾਂ ਮੈਂ। ਸਾਰੀ ਦੁਨੀਆਂ ਤਾਂ ਇਹ ਮੰਗਦੀ ਹੈ ਕਿ ਸਾਡਾ ਕਰੋਧ ਛੁਟ ਜਾਏ, ਇਹ ਚੰਡਾਲ ਹੈ, ਬਹੁਤ ਮੁਸੀਬਤ ਵਿੱਚ ਪਾ ਦੇਂਦਾ ਹੈ, ਘਰ ਦਾ ਸੁਖ-ਚੈਨ ਖੋਹ ਲੈਂਦਾ ਹੈ, ਇਤਆਦਿਕ।

ਪਰ ਇੱਕ ਵੱਡਾ ਦੁਸ਼ਮਨ ਮੇਰੇ ਮਗਰ ਲੱਗਾ ਹੋਇਆ ਹੈ। ਸਾਡਾ ਮਾਲਕ ਤਾਂ ਕਹਿੰਦਾ ਹੈ ਕਿ ਵਾਹਿਗੁਰੂ ਦਾ ਨਾਂ ਲੈਣ ਵਾਲੇ ਨੂੰ ਕੋਈ ਦੋਸਤ, ਦੁਸ਼ਮਨ ਨਹੀਂ ਦਿਸਦਾ ਪਰ 'ਸਵਾਲ ਜਵਾਬ' ਦੀ ਆਦਤ ਵਿੱਚ ਪਇਆ ਹੋਇਆ ਹੋਣ ਕਰਕੇ ਮੈਨੂੰ ਇੰਜ ਲਗਦਾ ਹੈ ਕਿ ਇੱਕ ਦੁਸ਼ਮਨ ਸਾਡੀ ਜਾਨ ਦੇ ਪਿੱਛੇ ਪਇਆ ਰਹਿੰਦਾ ਹੈ ਅਤੇ ਉਸ ਨਾਲ ਹਰ ਵੇਲੇ ਕਰੋਧ ਕਰਨਾ ਚਾਹੀਦਾ ਹੈ, ਉਹ ਪਿਆਰ ਨਾਲ ਕਦੇ ਆਖੇ ਨਹੀਂ ਲਗਦਾ। ਜਿਤਨਾ ਉਸਨੂੰ ਲਾਡ ਕਰਦੇ ਹਾਂ ਉਹ ਉਤਨਾ ਹੀ ਸਾਡੀਆਂ ਜੜ੍ਹਾਂ ਕਟਦਾ ਹੈ। ਇਹ ਦੁਸ਼ਮਨ ਹੈ ਸਾਡਾ ਗੰਦਾ ਮਨ।

ਆਉ ਇੱਕ ਦਿਨ ਦੇ ਥੋੜੇ ਸਮੇਂ ਅੰਦਰ ਇਹ ਜੋ-ਜੋ ਕੁਝ ਸਾਡੇ ਨਾਲ ਕਰਦਾ ਹੈ, ਉਸਦਾ ਪਤਾ ਲਾਈਏ। ਜਦੋਂ ਅੰਮ੍ਰਿਤ ਵੇਲੇ ਮੇਰੇ ਮਾਲਕ ਮੈਨੂੰ ਆਵਾਜ਼ ਦੇਂਦੇ ਹਨ ਤੇ ਦਿਮਾਗ ਮਾਲਕ ਦੇ ਗੁਣਗਾਨ ਦੀ ਤਾਂਘ ਵਿੱਚ ਉੱਠਣ ਲਈ ਉੱਦਮ ਕਰਦਾ ਹੈ ਤਾਂ ਇਹ ਦੁਸ਼ਮਣ ਕਦੇ ਨੀਂਦ ਦੀ ਸ਼ਕਲ ਵਿੱਚ ਕਦੇ ਥਕਾਵਟ ਦੀ ਸ਼ਕਲ ਵਿੱਚ, ਕਦੇ ਹੁਜਤਾਂ ਦੀ ਸ਼ਕਲ ਵਿੱਚ ਤੇ ਕਦੇ ਦਫਤਰ ਦੇ ਕੰਮਾਂ ਦੇ ਬਹਾਨਿਆਂ ਦੀ ਸ਼ਕਲ ਵਿੱਚ ਮਾਲਕ ਦੇ ਚਰਨਾਂ ਅੱਗੇ ਹੋ ਕੇ ਬਹਿ ਜਾਂਦਾ ਹੈ। ਜੇ ਤੁਹਾਡੇ ਗੁੱਸੇ ਨਾਲ ਇਸਨੂੰ ਲੱਤ, ਮੁੱਕਾ ਜਾਂ ਸੋਟਾ ਨਾ ਮਾਰੀਏ ਤਾਂ ਇਹ ਮਗਰੋਂ ਨਹੀਂ ਲਹਿੰਦਾ।

ਇੱਕ ਵਾਰ ਇਹ ਗਿਆ ਹਾਰ, ਪਰ ਢੀਠ ਹੈ। ਆਪਣੇ ਗੁਰੂ ਦੇ ਦੀਦਾਰ ਵਿੱਚ ਜਦੋਂ ਦਿਮਾਗ "ਤਨ ਮਨ ਹੋਇ ਨਿਹਾਲ" ਦੀ ਮਸਤੀ ਵਿੱਚ ਖੁਸ਼ ਹੋਣਾ ਚਾਹੁੰਦਾ ਹੈ, ਤਾਂ ਇਹ ਮਨ "ਚਾਹ ਦੀ ਲੋੜ" ਦੀ ਸ਼ਕਲ ਵਿੱਚ ਆਣ ਤੰਗ ਕਰਦਾ ਹੈ। ਕਰੋਧ ਕਰਨ ਤੇ ਵੀ ਜਾਨ ਨਹੀਂ ਛੱਡਦਾ, ਇੱਥੋਂ ਤੱਕ ਇਹ ਜਿੱਤ ਜਾਂਦਾ ਹੈ ਤੇ ਦਿਮਾਗ ਨੂੰ ਜਪੁਜੀ ਸਾਹਿਬ ਪੜ੍ਹਨ ਦੀ ਬਜਾਇ ਚਾਹ ਦੇ ਮਗਰ ਇਸ ਤਰ੍ਹਾਂ ਲਾ ਦੇਂਦਾ ਹੈ ਕਿ 4:30 ਵਜੇ ਮੰਗਤਾ ਬਣਾ ਕੇ ਕਿਸੇ ਸਖੀ ਦੇ ਘਰ ਚਾਹ ਦੀ ਖੈਰ ਮੰਗਣ ਲਈ ਲੈ ਜਾਂਦਾ ਹੈ, ਐਸੇ ਦੁਸ਼ਮਨ ਨਾਲ ਕਰੋਧ ਨਾ ਕਰੀਏ ਤਾਂ ਕੀ ਕਰੀਏ?

ਗੁਰਦੁਵਾਰੇ ਕੀਰਤਨ ਸੁਨਣਾ ਦਿਮਾਗ ਨੂੰ ਮਿੱਠਾ ਲਗਦਾ ਹੈ, ਪਰ ਮਨ ਲੋਕਾਂ ਵਲ ਤੱਕੀ ਜਾਂਦਾ ਹੈ। ਅੱਖਾਂ ਨੂਟਦਾ, ਖੋਲਦਾ, ਹਥ ਜੋੜਦਾ, ਕਦੇ ਰੋਂਦਾ ਵੀ ਹੈ ਪਰ "ਅੰਦਰ ਕਪਟ ਵਿਕਾਰ ਰੱਖ ਕੇ"। ਇਹ ਸਭ ਇਸ ਮਨ ਦੀਆਂ ਕਰਤੂਤਾਂ ਹਨ। ਜੁੱਤੀਆਂ ਖਾਂਦਾ ਰਹਿੰਦਾ ਹੈ ਪਰ ਬਾਅਜ਼ ਨਹੀਂ ਆਉਂਦਾ।

ਜੋੜੇ ਝਾੜਨ ਲੱਗਿਆਂ ਦਿਮਾਗ ਸ਼ਰਧਾ ਨਾਲ ਝੁਕਦਾ ਹੈ ਤਾਂ ਮਨ ਇਧਰ ਉਧਰ ਤੱਕਦਾ ਹੈ ਕਿ ਕੌਣ-ਕੌਣ ਦੇਖ ਰਿਹਾ ਹੈ। ਅਹੰਕਾਰ ਵਿੱਚ ਖੁਸ਼ ਰਹਿੰਦਾ ਹੈ। ਇਸ ਚੋਰ ਨਾਲ ਜਿਤਨਾ ਗੁੱਸਾ ਕਰੋ ਉਤਨਾ ਹੀ ਥੋੜਾ ਹੈ।

ਦਿਮਾਗ ਪ੍ਰਭੂ ਦੇ ਗੁਣ ਗਾਉਣਾ ਚਾਹੁੰਦਾ ਹੈ, ਮਨ ਅਪਣੀਆਂ ਉਸਤਤਾਂ ਸੁਨਣ ਲਈ ਕਈ ਘਰਾਂ ਵਿੱਚ ਪਹੁੰਚਦਾ ਹੈ। ਗੁੱਸੇ ਹੋਵੇ ਤਾਂ ਤਿਲਕ ਕੇ ਇਧਰ-ਉਧਰ ਜਾ ਕੇ ਦੂਜੀ ਸ਼ਕਲ ਵਿੱਚ (ਸਤਿਸੰਗੀ ਬਣ ਕੇ, ਅਹੰਕਾਰ ਦੇ ਟਿਲੇ ਤੇ ਬਹਿ ਕੇ, "ਲੋਕਾਂ ਦਾ ਭਲਾ ਕਰਨ ਦਾ ਬਹਾਨਾ" ਬਣਾ ਕੇ) ਆਣ ਬਹਿੰਦਾ ਹੈ। ਇਸਦੀ ਮਸਤੀ ਤੇ ਸਖਤ ਦੁਸ਼ਮਨੀ ਦਾ ਸਬੂਤ ਇਹ ਹੈ ਕਿ ਇਹ ਹਮੇਸ਼ਾਂ ਦਿਮਾਗ ਤੇ ਅਪਣੇ ਮਾਲਕ ਦੇ ਵਿੱਚ ਹੋ ਕੇ ਬਹਿੰਦਾ ਹੈ। ਇਸਨੂੰ ਹਰ ਵੇਲੇ ਇਹ ਸ਼ੱਕ ਰਹਿੰਦਾ ਹੈ ਕਿ ਜੋ ਮਾਲਕ ਨਾਲ ਸਾਡਾ ਪਿਆਰ ਹੋ ਗਿਆ ਤਾਂ ਇਸਨੂੰ ਕਿਸੇ ਪੁਛਣਾ ਨਹੀਂ। ਈਰਖਾ ਤੇ ਡਰ ਦਾ ਮਾਰਿਆ ਇਹ ਸਾਡੇ ਤੇ ਜੁਲਮ ਕਰਦਾ ਹੈ। ਜੁਲਮ ਕਰਨ ਵਾਲੇ ਨਾਲ ਕਰੋਧ ਨਾ ਕਰੀਏ ਤਾਂ ਇਸਦਾ ਜੁਲਮ ਵਧੇਗਾ ਹੀ।

ਸਾਰਾ ਦਿਨ, ਜੇ ਦਿਮਾਗ ਕਿਸੇ ਲਾਚਾਰ ਨਾਲ ਪਿਆਰ ਦੀ ਦਇਆ ਦੀ ਭਾਵਨਾ ਨਾਲ ਦੇਖੇ ਤਾਂ ਇਹ ਸੜ ਜਾਂਦਾ ਹੈ। ਕਹਿੰਦਾ ਹੈ ਅਜਕਲ੍ਹ ਲੋਕੀਂ ਬਹਾਨੇ ਕਰਦੇ ਹਨ, ਚਾਲਾਕ ਬਣ ਗਏ ਹਨ, ਕਿਸੇ ਨੂੰ ਕੁਝ ਨਹੀਂ ਦੇਣਾ ਚਾਹੀਦਾ। ਜੇ ਕਿਤੇ ਇੱਕ ਗਰੀਬ ਸੜਕ ਤੇ ਢਹਿ ਪਏ ਤੇ ਉਹਦੀ ਮਦਦ ਕਰਨ ਲਈ ਦਿਮਾਗ ਅੱਗੇ ਆਏ ਤਾਂ

ੴ

ਇਹ "ਦਫਤਰ ਤੋਂ ਲੇਟ" ਹੋ ਜਾਣ ਦਾ ਡਰਾਵਾ ਦੇ ਕੇ ਸਾਮ੍ਹਣੇ ਆ ਜਾਂਦਾ ਹੈ। ਇਸਨੂੰ ਹਰ ਵੇਲੇ ਗੁੱਸੇ ਨਾਲ ਤੱਕੀਏ। ਜੇ ਸਾਰੇ ਦਿਨ ਦੇ ਇਸ ਦੁਸ਼ਮਨ ਦੇ ਕਾਰਨਾਮੇ ਲਿਖਾਂ ਤਾਂ ਕਈ ਪੰਨੇ ਭਰ ਜਾਣਗੇ, ਪਰ ਇਸ ਦੁਸ਼ਮਨ ਨਾਲ ਕਰੋਧ ਕਰਦੇ ਰਹਿਣਾ ਚਾਹੀਦਾ ਹੈ। ਇਸਨੂੰ ਸੋਟੀਆਂ ਮਾਰੋ ਗੁਰਸ਼ਬਦ ਦੀਆਂ, ਇਸਨੂੰ ਲਾਹਨਤਾਂ ਪਾਉ ਮਹਾਪੁਰਸ਼ਾਂ ਦੇ ਵਾਕਾਂ ਨਾਲ, ਇਸਨੂੰ ਤਾੜਨਾ ਦਿਉ ਗੁਰਬਾਣੀ ਰਾਹੀਂ ਤੇ ਮਾਰ-ਮਾਰ ਕੇ ਇਸਨੂੰ ਨਸਾ ਦਿਉ, ਸੇਵਾ, ਦਇਆ, ਪਿਆਰ ਤੇ ਨਿਮਰਤਾ ਰਾਹੀਂ।

ਇਸ ਨਾਲ ਜਿਤਨਾ ਕਰੋਧ ਕਰੀਏ ਥੋੜਾ ਹੈ ਪਰ ਸਾਡੇ ਹਥਿਆਰ, ਛੁਰੀਆਂ, ਬੰਦੂਕਾਂ, ਚਾਕੂ, ਸੋਟੀਆਂ ਕੰਮ ਨਹੀਂ ਆਉਂਦੀਆਂ। ਆਉ ਗੁਰੂ ਨਾਨਕ ਦੇ ਦੱਸੇ ਹਥਿਆਰਾਂ ਨਾਲ ਇਸ ਦੁਸ਼ਮਨ ਦੀ ਗਤ ਬਣਾ ਦੇਈਏ।

| | | |
|---|---|---|
| 1. ਸ਼ਰਮਾਉਣ ਲਈ | "ਮਨ ਰੇ ਕਉਨ ਕੁਮਤਿ ਤੈ ਲੀਨੀ॥<br>ਪਰ ਦਾਰਾ ਨਿੰਦਿਆ ਰਸਿ ਰਚਿਓ, ਰਾਮ ਭਗਤਿ ਨਹਿ ਕੀਨੀ॥" | (ਪੰਨਾ 632) |
| 2. ਡਰਾਉਣ ਲਈ | "ਰਾਮੁ ਸਿੰਮਰੁ ਪਛੁਤਾਹਿਗਾ ਮਨ॥<br>ਪਾਪੀ ਜੀਅਰਾ ਲੋਭੁ ਕਰਤੁ ਹੈ, ਆਜੁ ਕਾਲਿ ਉਠਿ ਜਾਹਿਗਾ॥" | (ਪੰਨਾ 1106) |
| 3. ਸਮਝਾਉਣ ਲਈ | "ਰੇ ਮਨ ਮੂੜ ਸਿਮਰ ਸੁਖਦਾਤਾ ਨਾਨਕ ਦਾਸੁ ਤੁਝਹਿ ਸਮਝਾਵਤ" | (ਪੰਨਾ 1388) |
| 4. ਲਾਹਨਤਾਂ ਪਾਉਣ ਲਈ | "ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥<br>ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ।" | (ਪੰਨਾ 855-56) |
| 5. ਬੇਨਤੀਆਂ ਕਰਨ ਲਈ | "ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮ ਭਇਆ॥<br>ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨੁ ਤੂੰ ਨਾਹੀ ਵਿਸਰਿਆ॥ | (ਪੰਨਾ 357) |
| 6. ਮਨ ਨੂੰ ਸਚਾਈ ਸਿਖਾਣ ਲਈ | "ਸੁਚੇ ਏਹਿ ਨ ਆਖੀਅਨ ਬਹਨਿ ਜਿ ਪਿੰਡਾ ਧੋਇ॥<br>ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥" | (ਪੰਨਾ 472) |
| 7. ਅਸਲੀ ਨਿਮ੍ਰਤਾ ਪੈਦਾ ਕਰਨ ਦੀ ਪ੍ਰੇਰਣਾ ਲਈ | "ਸੀਸਿ ਨਿਵਾਇਐ ਕਿਆ ਥੀਐ ਜਾ ਹਿਰਦੈ ਕੁਸੁਧੇ ਜਾਹਿ" | (ਪੰਨਾ 470) |
| 8. ਭਗਤੀ ਜਾਂ ਸੇਵਾ ਦੇ ਅਹੰਕਾਰ ਤੋਂ ਬਚਣ ਲਈ | "ਭਾਉ ਭਗਤਿ ਕਰਿ ਨੀਚੁ ਸਦਾਇ॥<br>ਤਉ ਨਾਨਕ ਮੋਖੰਤਰ ਪਾਇ॥" | (ਪੰਨਾ 470) |
| 9. ਮਨ ਨੂੰ ਦਸਣ ਲਈ ਕਿ ਇਸਦੀਆਂ ਕੁਰੀਤੀਆਂ ਤੋਂ ਅਸੀਂ ਵਾਕਫ ਹਾਂ। | "ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ<br>ਕਾਲਾ ਹੋਆ ਸਿਆਹੁ" | (ਪੰਨਾ 651) |
| 10. ਮਨ ਦੀ ਮੈਲ ਧੋਣ ਲਈ ਬੇਨਤੀਆਂ | "ਭਰੀਐ ਮਤਿ ਪਾਪਾ ਕੈ ਸੰਗਿ॥<br>ਓਹੁ ਧੋਪੈ ਨਾਵੈ ਕੈ ਰੰਗਿ॥ | (ਪੰਨਾ 4) |

ਇਸ ਦੁਸ਼ਮਨ ਨਾਲ ਸੁਲਾਂਹ ਕਦੇ ਵੀ ਨਹੀਂ ਕਰਨੀ, ਪੱਕੀ ਕਾਟੀ ਰੱਖਣੀ ਹੈ।

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

# ਬਿਨੁ ਪਿਰ ਕਿਉ ਸੁਖੁ ਪਾਈਐ

ਰਮੇਸ਼ ਸਿੰਘ

C-131, Sonari West, Jamshedpur 831 011 (Jharkhand)

*ਸਾਧ ਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ* (ਪੰਨਾ 386)

ਦੇ ਮਹਾਂਵਾਕ ਅਨੁਸਾਰ, ਸ੍ਰ. ਭਗਵੰਤ ਸਿੰਘ ਦਲਾਵਰੀ ਜੀ (ਤਪੋਵਨ, ਅਮਰਾਵਤੀ, ਮਹਾਰਾਸ਼ਟ੍ਰ) ਦੀਆਂ ਲਿਖਤਾਂ ਤੇ ਸੰਗਤ ਦੇ ਪ੍ਰਭਾਵ ਹੇਠ ਮੇਰੇ ਵਰਗੇ ਨੀਚ, ਨਾਲਾਇਕ ਤੇ ਮਨਮੁਖ ਦੇ ਸੁੱਤੇ ਹੋਇ ਮਨ ਨੂੰ ਹਲੂਣਾ ਵੱਜਾ ਤੇ ਅੰਮ੍ਰਿਤ ਵੇਲੇ ਦੀ ਲਾਗ ਲੱਗੀ। ਗੁਰੂ ਕਿਰਪਾ ਸਦਕਾ ਅੰਮ੍ਰਿਤ ਵੇਲਾ ਦਲਾਵਰੀ ਜੀ ਦੀ ਜਿੰਦਜਾਨ ਹੈ ਤੇ ਜੋ ਵੀ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਹੈ ਉਸਨੂੰ ਉਹ ਅੰਮ੍ਰਿਤ ਵੇਲੇ ਨਾਲ ਜੁੜਨ ਦੀ ਪ੍ਰੇਰਣਾ ਪੂਰੀ ਦ੍ਰਿੜਤਾ ਨਾਲ ਦੇਂਦੇ ਹਨ। ਅੱਜ ਅੰਮ੍ਰਿਤ ਵੇਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਿਆਂ ਤੇ ਫਿਰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਰੇਡੀਓ ਰਾਹੀਂ ਪ੍ਰਸਾਰਿਤ ਕੀਰਤਨ ਚੋਂ ਸੁਣੇ ਕੁਝ ਸ਼ਬਦਾਂ ਨੇ ਜੋ ਅਨੰਦ ਬਖਸ਼ਿਆ ਉਹ ਸਾਂਝਾ ਕਰਨ ਦਾ ਅਨੰਦ ਲੈ ਰਿਹਾ ਹਾਂ।

*ਮਿਲੁ ਮੇਰੇ ਪ੍ਰੀਤਮਾ ਜੀਉ, ਤੁਧੁ ਬਿਨੁ ਖਰੀ ਨਿਮਾਣੀ* (ਪੰਨਾ 244)

ਸ਼ਬਦ ਰਾਹੀਂ ਗੁਰੂ ਸਾਹਿਬ ਨੇ ਇਹ ਸੰਦੇਸ਼ ਭੇਜਿਆ ਕਿ ਪ੍ਰਭੂ ਪਤੀ ਦਾ ਪਿਆਰ ਮਾਣੇ ਬਿਨਾ ਕੋਈ ਵੀ ਜੀਵ ਇਸਤਰੀ ਸੁਖੀ ਨਹੀਂ ਹੋ ਸਕਦੀ। ਸੁਖਸਾਗਰ ਪ੍ਰਭੂ ਨੂੰ ਛੱਡ, ਅਪਣੀ ਮਨਮਤਿ ਹੇਠ ਜਦੋਂ ਅਸੀਂ ਇਸ ਦੁਨੀਆਂ ਵਿੱਚ ਰੁਝਦੇ ਹਾਂ ਤਾਂ ਦੁਖੀ ਦੁਨੀਆਂ ਕੋਲੋਂ ਦੁਖ ਸਹੇੜਦੇ ਹਾਂ:

*ਜਗੁ ਮੈਲਾ ਮੈਲੋ ਹੋਇ ਜਾਇ॥ ਆਵੈ ਜਾਇ ਦੂਜੈ ਲੋਭਾਇ॥*
*ਦੂਜੈ ਭਾਇ ਸਭ ਪਰਜ ਵਿਗੋਈ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿਖੋਈ॥* (ਪੰਨਾ 644)

ਆਉ ਵੇਖੀਏ ਦੁਨੀਆਂ ਕਿਵੇਂ ਦੁਖੀ ਹੈ- ਕੋਈ ਇਸ ਕਰਕੇ ਦੁਖੀ ਹੈ ਕਿ ਉਸ ਕੋਲ ਪੈਸਾ ਨਹੀਂ, ਕੋਈ ਇਸ ਕਰਕੇ ਕਿ ਬਹੁਤੇ ਪੈਸੇ ਨੇ ਉਸਦੇ ਘਰ ਕਲੇਸ਼ ਪਾ ਦਿੱਤਾ ਹੈ, ਬੱਚੇ ਆਵਾਰਾ ਹੋ ਗਏ ਹਨ, ਭਰਾਵਾਂ ਵਿੱਚ ਫੁੱਟ ਪੈ ਗਈ ਹੈ, income tax ਵਾਲਿਆਂ ਪਕੜ ਲਿਆ ਹੈ, ਪੈਸੇ ਦੇ ਚੋਰੀ ਹੋ ਜਾਣ ਦਾ ਡਰ ਹੈ, ਕੋਈ ਇਸ ਕਰਕੇ ਦੁਖੀ ਹੈ ਕਿ ਉਨ੍ਹਾਂ ਦੇ ਘਰ ਬੱਚਾ ਨਹੀਂ, ਕੋਈ ਇਸ ਕਰਕੇ ਕਿ ਬੱਚਾ handicapped ਪੈਦਾ ਹੋਇਆ, ਕੋਈ ਇਸ ਕਰਕੇ ਕਿ ਬੱਚਾ ਪੈਦਾ ਹੋ ਕੇ ਮਰ ਗਿਆ, ਕੋਈ ਇਸ ਕਾਰਣ ਕਿ ਬੱਚਾ ਆਗਿਅਕਾਰੀ ਨਹੀਂ ਰਿਹਾ, ਵੱਡਾ ਹੋ ਕੇ ਪਤਨੀ ਦਾ ਗੁਲਾਮ ਬਣ ਗਿਆ ਹੈ, ਮਾਂ-ਪਿਉ ਨੂੰ ਕੁਝ ਸਮਝਦਾ ਹੀ ਨਹੀਂ, ਕੋਈ ਇਸ ਕਰਕੇ ਦੁਖੀ ਹੈ ਕਿ ਮੈਨੂੰ ਕੋਈ ਪੁੱਛਦਾ ਹੀ ਨਹੀਂ, ਮੈਨੂੰ ਕੋਈ ਕੁਛ ਸਮਝਦਾ ਹੀ ਨਹੀਂ, ਕੋਈ ਮੇਰੀ ਗੱਲ ਸੁਣਦਾ ਹੀ ਨਹੀਂ, ਕੋਈ ਮੇਰੇ ਆਖੇ ਹੀ ਨਹੀਂ ਲਗਦਾ, ਕੋਈ ਮੇਰੀ ਹਸਤੀ ਨੂੰ ਸਵੀਕਾਰਦਾ ਹੀ ਨਹੀਂ, ਕੋਈ ਮੈਨੂੰ ਸਲਾਮ ਹੀ ਨਹੀਂ ਕਰਦਾ, ਕੋਈ ਮੇਰੀ ਸਲਾਹ ਹੀ ਨਹੀਂ ਲੈਂਦਾ, ਕੋਈ ਮੇਰਾ ਆਦਰ-ਸਤਿਕਾਰ ਹੀ ਨਹੀਂ ਕਰਦਾ, ਕੋਈ ਮੈਨੂੰ ਪਿਆਰ ਹੀ ਨਹੀਂ ਕਰਦਾ, ਕੋਈ ਇਸ ਕਰਕੇ ਦੁਖੀ ਹੈ ਕਿ ਮੈਂ ਇਤਨੀ ਮਿਹਨਤ ਕਰਦਾ ਹਾਂ ਫਿਰ ਵੀ ਮੇਰੀ promotion ਨਹੀਂ ਹੁੰਦੀ, ਕੋਈ boss ਤੋਂ ਦੁਖੀ ਹੈ, ਕੋਈ subordinate ਤੋਂ, ਕੋਈ ਪਿਉ ਤੋਂ ਦੁਖੀ ਹੈ ਕੋਈ ਪੁੱਤਰ ਤੋਂ, ਕੋਈ ਪਤੀ ਤੋਂ ਦੁਖੀ ਹੈ ਕੋਈ ਪਤਨੀ ਤੋਂ, ਕੋਈ ਭੈਣ ਤੋਂ ਦੁਖੀ ਹੈ ਕੋਈ ਭਰਾ ਤੋਂ, ਇਸ ਲਿਸਟ ਦਾ ਕੋਈ ਅੰਤ ਨਹੀਂ। ਇਸੇ ਲਈ ਬਾਬਾ ਫਰੀਦ ਜੀ ਕਹਿੰਦੇ ਹਨ।

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਆ ਜਗਿ॥*
*ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥* (ਪੰਨਾ 1382)

ਦੁਖੀ ਬੰਦਾ ਜਦੋਂ ਚੋਟਾਂ ਖਾ-ਖਾ ਕੇ ਹਾਰ ਜਾਂਦਾ ਹੈ ਤੇ ਵੇਖ ਲੈਂਦਾ ਹੈ ਕਿ ਸੁਖ ਦੁਨੀਆਂ ਦੇ ਲੋਕਾਂ, ਦੁਨੀਆਂ ਦੀਆਂ ਚੀਜਾਂ ਦੁਨੀਆਂ ਦੀਆਂ ਵਡਿਆਈਆਂ, ਦੁਨੀਆਂ ਦੇ ਕੰਮਾਂ, ਦੁਨੀਆਂ ਦੇ ਲੋਕਾਂ, ਦੁਨੀਆਂ ਦੇ ਰੰਗ-ਤਮਾਸ਼ਿਆਂ ਵਿੱਚ ਨਹੀਂ ਤਾਂ ਉਹ ਹਾਰ ਕੇ ਕਿਸੇ ਸੁਖੀਏ (ਗੁਰਮੁਖ) ਨੂੰ ਭਾਲਦਾ ਹੈ, ਉਸਦੀ ਸਤਿਸੰਗਤ ਉਸਨੂੰ ਸੁਖਸਾਗਰ ਗੁਰੂ/ਪ੍ਰਭੂ ਦਾ ਰਾਹ ਵਿਖਾਉਂਦੀ ਹੈ।

*ਸੇਜ ਏਕੋ ਏਕੋ ਪ੍ਰਭੁ ਠਾਕੁਰ॥ ਗੁਰਮੁਖਿ ਹਰਿ ਰਾਵੇ ਸੁਖਸਾਗਰੁ॥* (ਪੰਨਾ 560)

ਸੁਖਸਾਗਰ ਗੁਰੂ ਉਸ ਦੁਖੀਏ ਨੂੰ ਸੋਝੀ ਬਖਸ਼ਦਾ ਹੈ ਕਿ ਤੇਰਾ ਦੁਖ ਆਇਆ ਹੀ ਇਸ ਕਾਰਣ ਹੈ ਕਿ ਤੂੰ ਸੁਖ ਦੇ source (ਸ੍ਰੋਤ) ਪ੍ਰਭੂ ਤੋਂ ਦੂਰ ਹੋ ਗਿਆ ਹੈਂ :

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* (ਪੰਨਾ 135)

ਤੇ ਉਹ ਪ੍ਰਭੂ ਤੇਰੇ ਅੰਦਰ ਹੈ, ਦੂਰ ਨਹੀਂ, ਤੇਰੇ ਹਿਰਦੇ ਦੀ ਸੇਜ ਤੇ ਬੈਠਾ ਹੈ, ਤੈਨੂੰ ਦਿਸਦਾ (ਅਹਿਸਾਸ ਨਹੀਂ ਹੁੰਦਾ) ਇਸ ਕਰਕੇ ਨਹੀਂ ਕਿਉਂਕਿ ਤੇਰੇ ਤੇ ਉਸਦੇ ਦਰਮਿਆਨ ਤੇਰੀ ਹਉਮੈ ਨੇ ਦੀਵਾਰ ਖੜੀ ਕਰ ਦਿੱਤੀ ਹੈ, ਤੇਰੇ ਅੰਦਰ ਅਉਗਣ ਭਰ ਦਿੱਤੇ ਹਨ, ਤੇਰੀ ਇਹ 'ਮੈਂ' ਤੈਨੂੰ ਤੇਰੇ ਦੁੱਖਾਂ ਦੀ ਜੜ੍ਹ -ਤੇਰੇ ਅਉਗੁਣ- ਵੇਖਣ ਨਹੀਂ ਦਿੰਦੀ। ਜਦੋਂ ਤੀਕਰ ਬੰਦੇ ਨੂੰ ਬੀਮਾਰੀ ਦਾ ਹੀ ਪਤਾ ਨਾ ਚਲੇ, ਉਹ ਇਲਾਜ ਕੀ ਕਰੇਗਾ? ਗੁਰੂ ਸਾਹਿਬ ਇਸੇ ਵੱਲ ਇਸ਼ਾਰਾ ਕਰਦੇ ਹਨ :

*ਮੈ ਅਵਗੁਣ ਭਰਪੂਰਿ ਸਰੀਰੇ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ॥* (ਪੰਨਾ 561)

ਇੱਕ ਉਦਾਹਰਣ ਨਾਲ ਇਸਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਜਿਸਨੂੰ ਨਿੰਦਾ-ਚੁਗਲੀ ਕਰਨ ਦੀ ਆਦਤ ਹੈ (ਅਉਗੁਣ ਹੈ), ਉਹ ਦੂਜਿਆਂ ਦੀ ਨਿੰਦਾ ਕਰਕੇ ਬੜਾ ਸੁਆਦ ਲੈਂਦਾ ਹੈ, ਪਰ ਜਦੋਂ ਉਸਨੂੰ ਪਤਾ ਲਗਦਾ ਹੈ ਕਿ ਕੋਈ ਹੋਰ ਉਸਦੀ ਨਿੰਦਾ ਕਰਦਾ ਹੈ ਤਾਂ ਉਸਨੂੰ ਬੜਾ ਦੁਖ ਪਹੁੰਚਦਾ ਹੈ। ਗੁਰੂ ਦੀ ਸੰਗਤ ਵਿੱਚ ਜਦੋਂ ਉਸਨੂੰ ਇਹ ਸਮਝ ਆਉਂਦੀ ਹੈ ਕਿ ਨਿੰਦਾ-ਚੁਗਲੀ ਗੁਰੂ ਨੂੰ ਪਸੰਦ ਨਹੀਂ, ਇਹ ਚੰਗਾ ਕੰਮ ਨਹੀਂ, ਇਹ ਉਸਦੇ ਦੁਖ ਦਾ ਕਾਰਣ ਹੈ ਤਾਂ ਉਹ ਸੁਚੇਤ ਹੁੰਦਾ ਹੈ, ਰੋਗ ਪਛਾਣ ਕੇ ਰੋਗ ਰਹਿਤ ਹੋਣ ਦਾ ਇਲਾਜ ਪੁੱਛਦਾ ਹੈ। ਗੁਰੂ ਸਾਹਿਬ ਕਹਿੰਦੇ ਹਨ, ਤੂੰ ਹਰ ਵਕਤ ਅਪਣੇ ਅਉਗਣਾਂ, ਗੁਨਾਹਾਂ ਤੇ ਨਜ਼ਰ ਰਖ, ਤੈਨੂੰ ਸਮਝ ਆ ਜਾਏਗੀ ਕਿ ਵਾਕਈ ਤੇਰੇ ਵਰਗਾ ਪਾਪੀ, ਨੀਚ, ਅਉਗਣਆਰਾ ਕੋਈ ਨਹੀਂ, ਤੈਨੂੰ ਗੁਰਵਾਕ :

*ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ* (ਪੰਨਾ 991)

ਦੀ ਫਿਲਾਸਫੀ ਸਮਝ ਆ ਜਾਏਗੀ। ਫਿਰ ਭਾਵੇਂ ਕੋਈ ਬੇਵਜ੍ਹਾ ਹੀ ਤੇਰੀ ਨਿੰਦਾ ਕਰੇਗਾ ਤੂੰ ਦੁਖੀ ਨਹੀਂ ਹੋਵੇਗਾ ਕਿਉਂਕਿ ਤੂੰ ਤਾਂ ਪਹਿਲਾਂ ਹੀ ਮੰਨ ਚੁੱਕਾ ਹੈਂ ਕਿ ਮੈਂ ਸਭ ਤੋਂ ਵਧ ਭੈੜਾ ਹਾਂ :

*ਜਿਨਿ ਗੁਣਵੰਤੀ ਮੇਰਾ ਪ੍ਰੀਤਮ ਪਾਇਆ॥*
*ਸੇ ਮੈ ਗੁਣ ਨਾਹੀ, ਹਉ ਕਿਉ ਮਿਲਾ ਮੇਰੀ ਮਾਇਆ॥*
*ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ॥ ਨਾਨਕ ਗਰੀਬ ਰਾਖਹੁ ਹਰਿ ਮੇਰੇ॥* (ਪੰਨਾ 561)

ਇਸ ਤਰ੍ਹਾਂ ਜਦੋਂ 'ਖਰੀ ਨਿਮਾਣੀ' ਹੋ ਕੇ ਜੀਵ ਇਸਤਰੀ ਦਇਆ ਦੇ ਭੰਡਾਰ ਪ੍ਰਭੂ ਅੱਗੇ ਢਹਿ ਪੈਂਦੀ ਹੈ ਕਿ, ਹੇ ਪ੍ਰਭੂ! ਮੇਰਾ ਕੋਈ ਵਸ ਨਹੀਂ ਚਲਦਾ, ਮੈਂ ਪੂਰੀ ਤਰ੍ਹਾਂ ਲਾਚਾਰ ਹੋ ਕੇ ਆਪ ਕੋਲ ਆਈ ਹੈ, ਮੇਰੇ ਗਰੀਬ ਤੇ ਕਿਰਪਾ ਕਰੋ, ਮੇਰੇ ਅਉਗਣ ਨਾ ਚਿਤਾਰੋ, ਪਤਿਤ ਪਾਵਨ ਹੋਣ ਦਾ ਆਪਣਾ ਬਿਰਦ ਪਾਲੋ; ਇਹ ਬੇਨਤੀ ਸੁਣ ਦਇਆਲ, ਕਿਰਪਾਲ ਪ੍ਰਭੂ ਉਸਦੇ ਦੁਖ ਦੂਰ ਕਰਦੇ ਹਨ, ਉਸ ਅੰਦਰ ਪ੍ਰਗਟ ਹੋ ਜਾਂਦੇ ਹਨ :

*ਆਪੇ ਮੇਲਿ ਲਏ ਸੁਖਦਾਤਾ, ਆਪਿ ਮਿਲਿਆ ਘਰਿ ਆਏ॥*
*ਨਾਨਕ ਕਾਮਣਿ ਸਦਾ ਸੁਹਾਗਣਿ, ਨਾ ਪਿਰੁ ਮਰੈ ਨ ਜਾਏ॥* (ਪੰਨਾ 245)

ਜਦੋਂ ਸੁਖਾਂ ਦਾ ਦਾਤਾ, ਸਾਰੇ ਸੁਖਾਂ ਦਾ ਸ੍ਰੋਤ ਪ੍ਰਭੂ ਆ ਜਾਏ ਫਿਰ ਕਿਹੜਾ ਦੁਖ ਟਿਕ ਸਕਦਾ ਹੈ, ਨਾਲ ਹੀ ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਖ; ਜਿਨ੍ਹਾਂ ਤੋਂ ਬਾਅਦ ਕੁਛ ਬਚਦਾ ਹੀ ਨਹੀਂ ਦੇਣ ਲਈ) ਵੀ ਆ ਜਾਂਦੇ ਹਨ ਕਿਉਂਕਿ ਸਿੱਖ ਗੁਰੂ ਦੀ ਸੇਵਾ (ਸਭ ਤੋਂ ਵੱਡੀ ਸੇਵਾ ਹੈ ਗੁਰੂ ਦੇ ਆਖੇ ਲਗਣਾ) ਕਰਦਾ ਹੈ। ਨਾਮ ਜਪਣ ਨਾਲ ਦੁਖ ਦੂਰ ਹੋ ਜਾਂਦੇ ਹਨ ਤੇ ਉਸਦੀ ਸ਼ੋਭਾ ਚਾਰੇ ਪਾਸੇ ਹੋਣ ਲਗ ਪੈਂਦੀ ਹੈ :

*ਜਿਨੀ ਸਤਿਗੁਰੁ ਪੁਰਖ ਮਨਾਇਆ ਤਿਨ ਪੂਜੇ ਸਭੁ ਕੋਈ॥* (ਪੰਨਾ 451)

ਤੇ ਉਹ ਜਨਮ-ਮਰਣ ਦੇ ਡਰ ਤੋਂ ਰਹਿਤ ਹੋ ਜਾਂਦਾ ਹੈ ਗੁਰੂ ਦੀ ਸ਼ਰਣੀ ਪੈਣ ਕਰਕੇ।

ਗੁਰੂ ਅੱਗੇ ਪੂਰੀ ਤਰ੍ਹਾਂ ਢਹਿ ਪਇਆ ਸਿੱਖ ਉਸ ਆਗਿਆਕਾਰੀ ਬਾਲਕ ਵਾਂਗ ਹੁੰਦਾ ਹੈ, ਜੋ ਅਪਣੀ ਸਿਆਣਪ ਨਹੀਂ ਵਰਤਦਾ, ਹਰ ਕੰਮ ਪ੍ਰਭੂ ਪਿਤਾ ਦੀ ਆਗਿਆ ਵਿੱਚ ਕਰਦਾ ਹੈ :

ਸੋਈ ਕਰਾਇ ਜੋ ਤੁਧੁ ਭਾਵੈ॥ ਮੋਹਿ ਸਿਆਣਪ ਕਛੂ ਨ ਆਵੈ॥
ਹਮ ਬਾਰਿਕ ਤਉ ਸਰਣਾਈ॥ ਪ੍ਰਭਿ ਆਪੇ ਪੈਜ ਰਖਾਈ॥
ਮੇਰਾ ਮਾਤ ਪਿਤਾ ਹਰਿ ਰਾਇਆ॥ ਕਰ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ॥(ਪੰਨਾ 626)

ਉਹ ਉਹੀ ਕੰਮ ਕਰਦਾ ਹੈ ਜੋ ਪ੍ਰਭੂ ਨੂੰ ਚੰਗਾ ਲਗਦਾ ਹੈ ਤੇ ਇਸਨੂੰ ਉਹ ਪ੍ਰਭੂ ਦੀ ਕਿਰਪਾ ਜਾਣਦਾ ਹੈ। ਸੁ ਪ੍ਰਭੂ ਕਿਰਪਾ ਕਰ ਕੇ ਉਸ ਤੋਂ ਬੁਰੇ ਦਾ ਵੀ ਭਲਾ ਕਰਾਂਦੇ ਹਨ, ਸਭ ਨੂੰ ਪਿਆਰ ਕਰਨ ਦੀ ਪ੍ਰੇਰਣਾ ਦੇਂਦੇ ਹਨ, ਸਾਰਿਆਂ ਦੀ ਚਰਣ ਧੂੜ ਬਨਣਾ ਸਿਖਾਂਦੇ ਹਨ, ਸਭ ਨੂੰ ਮੁਆਫ ਕਰਨ ਦੀ ਪੜ੍ਹਾਈ ਕਰਾਂਦੇ ਹਨ, ਕਿਸੇ ਦੇ ਅਉਗਣ ਨਹੀਂ ਚਿਤਾਰਨ ਦੇਂਦੇ, ਮਿਠਬੋਲੜਾ ਬਣਾਂਦੇ ਹਨ, ਸੁਆਸ ਸੁਆਸ ਨਾਮ ਜਪਣ ਦਾ ਅਭਿਆਸ ਕਰਾਂਦੇ ਹਨ, ਸੱਚੀ-ਸੁਚੀ ਕਿਰਤ, ਦਸਵੰਧ ਤੇ ਅੰਮ੍ਰਿਤ ਵੇਲਾ ਦਾ ਪਾਠ ਦ੍ਰਿੜ ਕਰਾਂਦੇ ਹਨ, ਗਰੀਬਾਂ ਦੁਖੀਆਂ, ਸਮਾਜ ਦੇ ਨੀਚ ਵਰਗ (ਜਿਨ੍ਹਾਂ ਨੂੰ ਕੋਈ ਨਹੀਂ ਪੁਛਦਾ) ਦੇ ਲੋਕਾਂ ਦੀ ਸੇਵਾ ਸੰਭਾਲ ਵਲ ਪ੍ਰੇਰਦੇ ਹਨ, ਨਿੰਦਾ-ਚੁਗਲੀ, ਬਖੀਲੀ, ਈਰਖਾ, ਦਵੈਸ਼, ਵੈਰ, ਤੋਂ ਰੋਕਦੇ ਹਨ। ਇਸ ਤਰ੍ਹਾਂ ਨਾਮ ਅਧਾਰਿਤ ਜੀਵਨ ਜਾਚ ਸਿਖ ਕੇ ਸਿੱਖ ਆਪਣਾ ਲੋਕ ਵੀ ਸੁਖੀ ਕਰ ਲੈਂਦਾ ਹੈ ਤੇ ਉਸਦਾ ਪਰਲੋਕ ਵੀ ਸੁਹੇਲਾ ਹੋ ਜਾਂਦਾ ਹੈ। ਸਾਡੇ ਦੁੱਖਾਂ ਦਾ ਕਾਰਣ ਸਾਡੇ ਅਉਗਣ ਹੀ ਹਨ, ਸੁ ਜਦੋਂ ਪ੍ਰਭੂ ਕਿਰਪਾ ਸਦਕਾ ਇਨ੍ਹਾਂ ਅਉਗਣਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਗੁਣ ਆਉਂਦੇ ਤਾਂ ਸੁਭਾਵਕ ਹੀ ਸਿੱਖ ਚੜ੍ਹਦੀ ਕਲਾ ਵਿੱਚ ਵਿਚਰਦਾ ਹੈ ਤੇ ਦੁਨੀਆਵੀ ਸੁਖ-ਦੁਖ ਉਸਨੂੰ ਵਿੱਚਲਿਤ ਨਹੀਂ ਕਰ ਸਕਦੇ।

ਇਸ ਤਰ੍ਹਾਂ ਅੰਮ੍ਰਿਤ ਵੇਲੇ, ਸ਼ਬਦ ਦੀ ਵਿਚਾਰ 'ਚੋਂ, ਨਾਮ-ਅੰਮ੍ਰਿਤ ਦਾ ਰਸ ਮਾਣ ਕੇ ਸਮਝ ਪੈਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਉਂ ਅੰਮ੍ਰਿਤ ਵੇਲੇ ਵਡਿਆਈ ਵੀਚਾਰ ਨੂੰ ਕਿਉਂ ਇਤਨਾ ਜ਼ਰੂਰੀ ਕਰਾਰ ਦਿੱਤਾ ਸੀ :

ਫੇਰ ਕਿ ਆਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਪੰਨਾ 2)

## Thoughts of the Month

- Play to win and not to is lose.
- Learn from other people's mistakes.
- Associate with people of high moral character.
- Give more than you get.
- Don't look for something for nothing
- Always think long term.
- Evaluate your strenghts and build on them.
- Always keep the longer picture in mind when making a decision.
- Never compromise your integrity.

*With best compliments from a wellwisher*

# ਗੁਰਬਾਣੀ ਸੰਗੀਤ ਦਾ ਅਧਿਆਪਕ ਰਾਗੀ ਭਾਈ ਲਾਲ ਸਿੰਘ ਧਨੌਲਾ


## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367 ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ


ਜੇਕਰ ਕਦੇ ਕਿਤੇ ਸੰਤਾਂ ਦੀ ਗੱਲ ਚਲਦੀ ਹੋਵੇ ਤਾਂ ਸਭ ਤੋਂ ਪਹਿਲਾਂ ਜੋ ਨਾਮ ਆਉਂਦਾ ਹੈ ਉਹ ਹੈ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ (ਸੰਗਰੂਰ) ਵਾਲੇ ਜਿਨ੍ਹਾਂ ਨੇ ਆਪਣੇ ਭਜਨ ਸਿਮਰਨ ਦੇ ਬਲ ਨਾਲ ਅਤੇ ਕੀਰਤਨ ਦੀਆਂ ਧੁਨਾਂ ਧਾਰਨਾਂ ਨਾਲ ਜਿੱਥੇ ਸਾਰੇ ਭਾਰਤ ਨੂੰ ਤਾਰਿਆ ਉੱਥੇ ਮਾਲਵੇ ਤੇ ਵਿਸ਼ੇਸ਼ ਕ੍ਰਿਪਾ ਕੀਤੀ। ਸੰਤ ਮਹਾਰਾਜ ਜੀ ਨੇ ਸਕੂਲ ਕਾਲਜ ਖੋਹਲ ਕੇ ਵਿਦਿਆ ਦਾ ਚਾਨਣ ਫੈਲਾਇਆ ਨਾਲ ਹੀ ਕੀਰਤਨ ਦਾ ਪ੍ਰਵਾਹ ਚਲਾਇਆ। ਮਾਲਵੇ ਦੇ ਪਿੰਡਾਂ ਦੇ ਰਹਿਣ ਵਾਲੇ ਸਧਾਰਨ ਲੋਕਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਪਹਿਲਾਂ ਪਹਿਲ ਲੋਕ ਸਾਜ ਅਤੇ ਲੋਕ ਧੁਨਾਂ ਰਾਹੀਂ ਗਿੱਧੇ ਦੇ ਅਖਾੜੇ ਵਿੱਚ ਬੋਲੀਆਂ ਦੀ ਸ਼ਕਲ ਵਿੱਚ ਗੁਰਬਾਣੀ ਕੀਰਤਨ ਦਾ ਪਹਿਲਾ ਸਬਕ ਦਿੱਤਾ ਜਿਸ ਨਾਲ ਤੂੰਬੇ, ਕਾਟੋ, ਸਪ, ਬੁਗਦੂ ਅਤੇ ਢੋਲ ਸ਼ਾਜ ਵਜਾ ਕੇ ਕੀਰਤਨ ਦੀ ਸਿਖਲਾਈ ਕਰਵਾਈ। ਇਹ ਸਾਰਾ ਸਕੂਲ ਲਗਦਾ ਮਸਤੂਆਣਾ ਦੇ ਟਿੱਬਿਆਂ ਵਿੱਚ। ਅੱਧੀ ਸਦੀ ਬੀਤਣ ਤੇ ਹੀ ਮਸਤੂਆਣਾ ਸਾਹਿਬ ਵਿਦਿਆ ਦਾ ਕੇਂਦਰ ਬਣ ਗਿਆ। ਡਿਗਰੀ ਕਾਲਜ ਸਮੇਤ ਫਾਰਮੇਸੀ ਅਤੇ ਅਕੈਡਮੀ ਦੀ ਸ਼ਕਲ ਵਿੱਚ ਵਿਦਿਆ ਦੇ ਪਾਸਾਰ ਵਿੱਚ ਆਪਣੀ ਖੁਸ਼ਬੂ ਖਿਲਾਰਨ ਲਗੇ। ਦੁਨੀਆਵੀ ਵਿਦਿਆ ਦੇ ਨਾਲ 'ਗੁਰਬਾਣੀ ਕੀਰਤਨ' ਦਾ ਵਿਦਿਆਲਾ ਨਿਰੰਤਰ ਚਲਦਾ ਰਿਹਾ। ਬਹੁਤ ਸਾਰਾ ਸਮਾਂ ਰਾਗੀ ਜਸਵੰਤ ਸਿੰਘ ਜੀ ਤੀਬਰ ਇਸ ਵਿਦਿਆਲੇ ਵਿੱਚ ਅਧਿਆਪਨ ਕਰਦੇ ਰਹੇ, ਜਿਨ੍ਹਾਂ ਨੇ ਮਾਲਵੇ ਵਿੱਚ ਗੁਰਬਾਣੀ ਕੀਰਤਨ ਰਾਗ ਬੱਧ ਦਾ ਪ੍ਰਚਾਰ ਕੀਤਾ ਤੇ ਬਹੁਤ ਸਾਰੇ ਨਾਮੀ ਕੀਰਤਨੀਏ ਰਾਗੀ ਪੈਦਾ ਕੀਤੇ, ਜਿਨ੍ਹਾਂ ਵਿੱਚੋਂ ਇੱਕ ਰਾਗੀ ਭਾਈ ਲਾਲ ਸਿੰਘ ਧਨੌਲਾ ਵੀ ਹਨ। ਭਾਈ ਲਾਲ ਸਿੰਘ ਦਾ ਜਨਮ ਸੰਨ 1950 ਈ. ਵਿੱਚ ਪਿਤਾ ਭਾਈ ਬੀਰ ਸਿੰਘ ਤੇ ਮਾਤਾ ਬਚਨ ਕੌਰ ਜੀ ਦੇ ਘਰ ਹੋਇਆ। ਪਿਤਾ ਜੀ ਘਰ ਵਿੱਚ ਹੀ ਤਰਖਾਣਾ ਕੰਮ ਕਰਦੇ ਸਨ। ਧਨੌਲੇ ਵਿਖੇ ਹੀ ਇਨਾਂ ਦੇ ਸ਼ਰੀਕੇ ਵਿੱਚੋਂ ਰਾਗੀ ਭਾਈ ਸੰਤਾ ਸਿੰਘ ਜੀ ਰਹਿੰਦੇ ਸਨ। ਉਹ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੇ ਸੇਵਕ ਸਨ। ਉਹਨਾਂ ਤੋਂ ਬਾਲਕ ਲਾਲ ਸਿੰਘ ਨੂੰ ਸੰਗੀਤ ਦੀ ਚੇਟਕ ਲਗੀ। ਧਨੌਲੇ ਵਿਖੇ ਹੀ ਮਾਸਟਰ ਲਹਿਣਾ ਸਿੰਘ ਜੀ ਜੋ ਸੰਗੀਤ ਦੇ ਵਿਦਵਾਨ ਸਨ ਉਨ੍ਹਾਂ ਤੋਂ ਸੰਗੀਤ ਦੀ ਬਕਾਇਦਾ ਤਾਲੀਮ ਸ਼ੁਰੂ ਕੀਤੀ ਅਤੇ ਹਾਲਤ ਅਨੁਸਾਰ ਗੁਣ ਗ੍ਰਹਿਣ ਕੀਤਾ। 1962 ਈ. ਵਿੱਚ ਰਾਗੀ ਜਸਵੰਤ ਸਿੰਘ ਜੀ ਕੋਲ ਮਸਤੂਆਣਾ ਸਾਹਿਬ ਆ ਗਏ। ਦੋ ਸਾਲ ਸੰਗੀਤ ਦਾ ਤਪ ਸਾਧਿਆ ਰਾਗੀ ਜਸਵੰਤ ਸਿੰਘ ਗੁਰਬਾਣੀ ਸੰਗੀਤ ਦੇ ਆਚਾਰੀਆ ਸਨ ਗੁਣ ਦੇ ਸਮੁੰਦਰ ਸਨ। ਇਸ ਸਮੁੰਦਰ ਵਿੱਚੋਂ ਲਾਲ ਸਿੰਘ ਨੇ ਖੁੱਲ੍ਹੇ ਗਫੇ ਛਕੇ ਅਤੇ ਆਪਣਾ ਵਿਦਿਆ ਦਾ ਭੰਡਾਰ ਭਰਪੂਰ ਕੀਤਾ। ਸਿਖਿਆ ਪੂਰੀ ਹੋਣ ਤੇ ਜਦ ਕੀਰਤਨ ਵਿੱਚ ਨਿਪੁੰਨ ਹੋ ਗਏ ਤਾਂ ਗੁਰਦੁਆਰਾ ਅੰਗੀਠਾ ਸਾਹਿਬ ਗੁਰ ਸਾਗਰ ਵਿਖੇ ਰਾਗੀ ਦੀ ਸੇਵਾ ਨਿਭਾਈ। ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਗੁਰਦੁਆਰਾ ਟਿਬੀ ਸਾਹਿਬ ਰੋਪੜ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ। 1970 ਵਿੱਚ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿੱਚ ਜਾ ਦਾਖਲ ਹੋਏ ਕਿਉਂ ਕਿ 'ਮਾਧੋ ਜਾਲ ਦੀ ਪਿਆਸ ਨਾ ਜਾਇ' ਅਨੁਸਾਰ ਵਿਦਵਾਨ ਅੰਦਰ ਸਿਖਣ ਦੀ ਲਾਲਸਾ ਲੱਗੀ ਰਹਿੰਦੀ ਹੈ। ਦੋ ਸਾਲ ਦਾ ਕੋਰਸ ਪਾਸ ਕੀਤਾ। ਸੰਤ ਪ੍ਰੀਤਮ ਸਿੰਘ ਜੀ ਜੋਹਲਾਂ ਵਾਲੇ ਮਾਨਪੁਰ ਖੰਟ ਵਿਖੇ ਲੈ ਗਏ। ਉੱਥੇ ਰਾਗੀ ਲਾਲ ਸਿੰਘ ਜੀ ਨੂੰ ਕੀਰਤਨ ਕਰਨ ਦੇ ਨਾਲ ਕੀਰਤਨ ਸਿਖਾਉਣ ਦੀ ਸੇਵਾ ਦਿੱਤੀ। ਇੱਥੇ 20 ਕੁ ਵਿਦਿਆਰਥੀ ਸਨ ਜਿਨ੍ਹਾਂ ਨੂੰ ਗੁਰਬਾਣੀ ਕੀਰਤਨ ਅਤੇ ਤਬਲੇ ਦੀ ਸਿਖਿਆ ਦੇਣੀ ਸ਼ੁਰੂ ਕੀਤੀ। ਬੜੀ ਸਫਲਤਾ ਨਾਲ ਵਿਦਿਆਲਾ ਚਲਾਇਆ। ਸੰਤ ਜਗਤ ਸਿੰਘ ਜੀ ਗੁਰੂ ਕਾਂਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਦਿਆਲੇ ਦੀ ਸੇਵਾ ਸੌਂਪੀ ਜੋ ਕਿ ਦੋ ਸਾਲ ਬਾਖੂਬੀ ਨਿਭਾਈ। ਜਥੇਦਾਰ ਭਰਪੂਰ ਸਿੰਘ ਧਨੌਲਾ ਦੁਆਰਾ ਗੁਰੂ ਘਰ ਪਾਤਸ਼ਾਹੀ ਨੌਵੀ ਧਨੌਲਾ ਵਿਖੇ ਵਿਦਿਆਲਾ ਸ਼ੁਰੂ ਕੀਤਾ ਜਿਸ ਦੀ ਜਿੰਮੇਵਾਰੀ ਰਾਗੀ ਲਾਲ ਸਿੰਘ ਨੂੰ ਸੌਂਪੀ ਨਾਲ ਹੀ ਸੰਤ ਆਸਾ ਸਿੰਘ ਮਸਤੂਆਣਾ ਸਾਹਿਬ ਵਿਖੇ 1986-2000 ਫਰਵਰੀ ਤੱਕ ਸੇਵਾ ਨਿਭਾਈ ਅੱਜ ਕਲ੍ਹ ਮਸਤੂਆਣਾ ਸਾਹਿਬ ਵਿਖੇ ਹੀ ਮਾਤਾ

ਭੌਲੀ ਕੌਰ ਦੇ ਗੁਰਦੁਆਰੇ ਸੰਤ ਭਗਵਾਨ ਸਿੰਘ ਦੀ ਸਰਪ੍ਰਸਤੀ ਹੇਠ ਵਿਦਿਆਲਾ ਚਲਾ ਰਹੇ ਹਨ। ਤਕਰੀਬਨ ਤੀਹ ਕੁ ਵਿਦਿਆਰਥੀ ਹਨ।

ਰਾਗੀ ਲਾਲ ਸਿੰਘ ਸੁਭਾਅ ਪਖੋਂ ਫਕੀਰਾਨਾਂ ਸੁਭਾ ਦਾ ਮਾਲਕ ਹੈ ਐਨਾ ਗੁਣੀ ਹੋਣ ਦੇ ਬਾਵਜੂਦ ਹੰਕਾਰ ਨੇੜੇ ਨਹੀਂ ਢੁਕਿਆ। ਰਾਗਾਂ ਦੀਆਂ ਪ੍ਰਚੀਨ ਐਨੀਆਂ ਬੰਦਸਾਂ ਅਤੇ ਤਬਲੇ ਦਾ ਸਬਕ ਜੁਬਾਨੀ ਯਾਦ ਹੈ ਹੈਰਾਨ ਰਹਿ ਜਾਈਏ। ਹਰ ਵਿਦਿਆਰਥੀ ਦੀ ਕਾਪੀ ਤੇ ਆਪ ਸਬਕ ਲਿਖ ਕੇ ਦੇਣੇ ਫਿਰ ਚੈਕ ਕਰਨੇ ਸੁਣਨੇ... ਜਿਹਨੂੰ ਸਿਖਾਉਣੇ ਦਿਲੋਂ ਸਿਖਾਉਣੈ ਵਕਤ ਪਾਸ ਨਹੀਂ ਕਰਨਾ ਇਸੇ ਕਰਕੇ ਹੀ ਇਨਾਂ ਦੇ ਵਿਦਿਆਰਥੀ ਚੰਗੇ ਰਾਗੀ ਹੋ ਨਿਬੜੇ ਜਿਨਾਂ ਵਿੱਚੋਂ ਵਿਸ਼ੇਸ਼ਕਰ ਭਾਈ ਜੀਵਨ ਸਿੰਘ ਜੋ ਅਮਰੀਕਾ ਵਿੱਚ ਹਨ। ਤ੍ਰਿਲੋਚਨ ਸਿੰਘ, ਭਾਈ ਸੁਖਰਾਜ ਸਿੰਘ ਸੰਗਰੂਰ ਭਾਈ ਗੋਪਾਲ ਸਿੰਘ ਰਾਜਸਥਾਨ ਰਾਗੀ ਜਰਨੈਲ ਸਿੰਘ ਬਰਨਾਲਾ ਅਤੇ ਤਬਲੇ ਵਿੱਚ ਜਸਪਾਲ ਸਿੰਘ ਬਚੀ, ਬਿਕਰ ਸਿੰਘ ਅਤੇ ਮਨੋਹਰ ਸਿੰਘ ਦੇ ਨਾਂ ਵਰਨਣ ਯੋਗ ਹਨ। ਮਨੋਹਰ ਸਿੰਘ ਸੰਨ 2000 ਦੇ ਹਰਬਲਭ ਸੰਗੀਤ ਪ੍ਰਤੀ ਯੋਗਤਾ ਵਿੱਚ ਕਈ ਵਾਰ ਮੇਰੇ ਨਾਲ ਬਤੌਰ ਜਜ ਦੀ ਸੇਵਾ ਵੀ ਨਿਭਾਉਂਦੇ ਰਹਿੰਦੇ ਹਨ। ਅਧਿਆਪਕ ਤਾਂ ਬਾਬਾ ਬੋਹੜ ਹੋਇਆ ਕਰਦੇ ਹਨ। ਵਿਦਿਆਰਥੀ ਪੰਛੀਆਂ ਵਾਂਗ ਆਏ ਸਿਖ ਕੇ ਚਲੇ ਗਏ। ਕੋਈ ਵਿਰਲੇ ਹੀ ਦੁਬਾਰਾ ਬੋਹੜ ਵਲ ਵੇਖਦੇ ਹਨ। ਸਚਾਈ ਕਹਿਣ ਵਿੱਚ ਕੋਈ ਗੁਰੇਜ ਨਹੀਂ ਗੁਰਦੁਆਰਿਆਂ ਦੇ ਪਾਤਰਾਂ ਤੇ ਤਾਂ ਕਰੋੜਾਂ ਰੁਪਿਆ ਲਾਇਆ ਜਾ ਸਕਦੈ ਪਰ ਜੋ ਗੁਰਬਾਣੀ ਕੀਰਤਨ ਦੀ ਦਾਤ ਵੰਡਦੈ ਉਸਦੀ ਤਨਖਾਹ ਵੇਲੇ ਪ੍ਰਬੰਧਕਾਂ ਕੋਲੋਂ ਮਾਇਆ ਮੁਕ ਜਾਂਦੀ ਐ। ਵਿਦਵਾਨ ਲੋਕਾਂ ਦਾ ਆਰਥਕ ਪਖ ਵਧੀਆ ਹੋਣਾ ਚਾਹੀਦੈ। ਪਰ ਅਜੇ ਇਸ ਪਾਸੇ ਧਿਆਨ ਨਹੀਂ ਜਾ ਰਿਹਾ। ਫਿਰ ਵੀ ਰਾਗੀ ਲਾਲ ਸਿੰਘ ਚਿਹਰੇ ਤੇ ਸਿਕਨ ਨਾ ਲਿਆਉਂਦਾ ਹੋਇਆ ਸੰਗੀਤ ਰੁਚੀ ਵਿੱਚ ਵੀ ਖੁਸ਼ ਰਹਿ ਕੇ ਸੰਗੀਤ ਦੀ ਦਾਤ ਵੰਡ ਰਿਹਾ ਹੈ। ਗੁਰੂ ਪਾਤਸ਼ਾਹ ਇਨਾਂ ਨੂੰ ਏਸੇ ਤਰ੍ਹਾਂ ਸਬਰ ਸੰਤੋਖ ਦੀ ਦਾਤ ਬਖਸਸ ਕਰੇ।


Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਤਬਲਾ ਵਾਦਨ ਵਿਧੀ


## ਪ੍ਰੋ. ਕਵਲਜੀਤ ਸਿੰਘ

ਖਾਲਸਾ ਕਾਲਜ, ਪਟਿਆਲਾ


ਅੱਜਕਲ੍ਹ ਤਬਲਾ ਵਾਦਨ ਬਹੁਤ ਹੀ ਲੋਕਪ੍ਰਿਯ ਹੁੰਦਾ ਜਾ ਰਿਹਾ ਹੈ। ਭਾਰਤੀ ਸੰਗੀਤ ਦੀਆਂ ਵਿਭਿੰਨ ਗਾਇਨ ਅਤੇ ਵਾਦਨ ਸ਼ੈਲੀਆਂ ਨਾਲ ਪ੍ਰਯੋਗ ਕੀਤੇ ਜਾਣ ਤੇ ਇਸਦਾ ਮਹੱਤਵ ਹੋਰ ਵੀ ਵਧ ਗਿਆ ਹੈ। ਹੁਣ ਤੱਕ ਉਸਤਾਦ ਤਬਲਾ ਵਾਦਕ ਬੋਲਾਂ ਦੇ ਜ਼ੋਰਦਾਰ ਨਿਕਾਸ ਦੇ ਹਾਮੀ ਰਹੇ ਹਨ। ਪੰਜਾਬ ਘਰਾਣੇ ਦੀ ਪਛਾਣ ਵੀ ਪਖਾਵਜ ਦੇ ਜ਼ੋਰਦਾਰ ਅਤੇ ਖੁੱਲੇ ਬੋਲਾਂ ਦੇ ਵਾਦਨ ਵਜੋਂ ਹੀ ਕੀਤੀ ਜਾਂਦੀ ਰਹੀ ਹੈ। ਅਜੋਕੇ ਸਮੇਂ ਵਿੱਚ ਸ਼ਾਇਦ ਹੀ ਕੋਈ ਐਸੀ ਮਹਿਫਿਲ ਜਾਂ ਸੰਗੀਤ ਸਭਾ ਆਯੋਜਿਤ ਕੀਤੀ ਜਾਂਦੀ ਹੋਵੇ ਜਿਸ ਵਿੱਚ ਮਾਈਕ ਅਤੇ ਸਪੀਕਰ ਦੀ ਵਰਤੋਂ (Voice Amplification) ਨਾ ਕੀਤੀ ਜਾਂਦੀ ਹੋਵੇ। ਤਬਲੇ ਤੇ ਕੀਤਾ ਗਿਆ ਮੱਧਮ ਜਿਹਾ ਆਘਾਤ ਵੀ ਸਰੋਤਿਆਂ ਨੂੰ ਦੂਰ ਦੂਰ ਤਕ ਕੰਨ-ਗੋਚਰ ਹੋ ਜਾਂਦਾ ਹੈ। ਸਟੂਡਿਓ ਰਿਕਾਡਿੰਗ ਦੇ ਇਸ ਯੁੱਗ ਨੇ ਤਬਲਾ ਵਾਦਨ ਵਿਧੀ ਤੇ ਵੀ ਆਪਣਾ ਪ੍ਰਭਾਵ ਪਾਇਆ ਹੈ। ਇਹੀ ਕਾਰਨ ਹੈ ਕਿ ਤਬਲਾ ਵਾਦਨ ਤਾਂ ਅਨੇਕਾਂ ਵਿਦਿਆਰਥੀ ਸਿੱਖਦੇ ਹਨ ਪਰ ਸਟੇਜ ਅਤੇ ਸਟੂਡਿਓ ਵਿੱਚ ਤਬਲਾ ਵਾਦਨ ਕਰਨ ਦੀ ਸਮਰੱਥਾ, ਸੂਝ ਅਤੇ ਯੋਗਤਾ ਪ੍ਰਾਪਤ ਨਹੀਂ ਕਰ ਪਾਉਂਦੇ। ਜੇਕਰ ਤਬਲੇ ਦੇ ਬੋਲਾਂ ਦੀ ਵਾਦਨ ਵਿਧੀ ਠੀਕ ਹੋਵੇਗੀ ਤਾਂ ਹੀ ਬੋਲਾਂ ਦਾ ਨਿਕਾਸ, ਉਚਿਤ, ਸਪਸ਼ਟ ਅਤੇ ਤਿਆਰੀ ਯੁਕਤ ਸੰਭਵ ਹੋ ਸਕੇਗਾ।

ਤਬਲਾ ਵਾਦਨ ਸ਼ੁਰੂ ਕਰਨ ਤੋਂ ਪਹਿਲਾਂ ਹਰ ਵਿਦਿਆਰਥੀ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਹੱਥ ਦੀਆਂ ਤਿੰਨਾਂ ਉਂਗਲੀਆਂ ਦਾ ਇਕੋ ਜਿਹਾ ਪ੍ਰਯੋਗ ਕੀਤਾ ਜਾਵੇ। ਤਬਲੇ ਤੇ ਕਿਸੇ ਵੀ ਉਂਗਲ ਦੁਆਰਾ ਕੀਤਾ ਗਿਆ ਆਘਾਤ ਵੱਧ ਜਾਂ ਘੱਟ ਮਹਿਸੂਸ ਨਾ ਹੋਵੇ ਅਤੇ ਹਰ ਇੱਕ ਬੋਲ ਦੀ ਨਿਕਾਸ-ਧੁਨੀ ਦਾ ਪੱਧਰ (Sound Level) ਇਕਸਾਰ ਹੋਵੇ।

ਵਿਦਿਆਰਥੀ ਇਹ ਨੋਟ ਕਰਨ ਕਿ ਤਬਲਾ ਵਾਦਨ ਦੇ ਬੋਲਾਂ ਦੀ ਵਿਧੀ ਦਾ ਉਲੇਖ ਕਰਦਿਆਂ ਅੰਗੂਠੇ ਦੇ ਨਾਲ ਵਾਲੀ ਉਂਗਲ ਨੂੰ ਪਹਿਲੀ, ਵਿਚਕਾਰਲੀ ਉਂਗਲ ਨੂੰ ਦੂਜੀ ਅਤੇ ਚੀਚੀ ਦੇ ਨਾਲ ਵਾਲੀ ਉਂਗਲ ਨੂੰ ਤੀਸਰੀ ਉਂਗਲ ਵਜੋਂ ਅੰਕਿਤ ਕੀਤਾ ਗਿਆ ਹੈ। ਹਰ ਇੱਕ ਬੋਲ ਦੇ ਉੱਤੇ ਅੰਕਿਤ ਡੱਬੇ ਉੱਤੇ ਵਰਤੀ ਜਾਣ ਵਾਲੀ ਉਂਗਲ ਦਾ ਹੈ ਅਤੇ ਬੋਲ ਦੇ ਥੱਲੇ ਦਰਸਾਇਆ ਗਿਆ ਨੰਬਰ ਮਦੀਨ ਉੱਤੇ ਵਰਤੀ ਜਾਣ ਵਾਲੀ ਉਂਗਲ ਦੀ ਸੂਚਨਾ ਦਿੰਦਾ ਹੈ।

1. **ਡੱਗੇ ਉੱਤੇ ਵਜਾਏ ਜਾਣ ਵਾਲੇ ਬੋਲ ਅਤੇ ਉਹਨਾਂ ਦੀ ਵਾਦਨ ਵਿਧੀ:** ਡੱਬੇ ਨੂੰ ਬਾਯਾਂ ਵੀ ਕਿਹਾ ਜਾਂਦਾ ਹੈ ਕਿਉਂਕਿ ਜਿਆਦਾਤਰ ਕਲਾਕਾਰ ਇਸ ਨੂੰ ਖੱਬੇ (ਬਾਯੇਂ) ਹੱਥ ਨਾਲ ਵਜਾਉਂਦੇ ਹਨ। ਕੁਝ ਤਬਲਾ ਵਾਦਕ ਅਜਿਹੇ ਵੀ ਮਿਲਦੇ ਹਨ ਜੋ ਡੱਬੇ ਨੂੰ ਸੱਜੇ ਹੱਥ ਨਾਲ ਵਜਾਉਂਦੇ ਹਨ। ਇਨਾਂ ਦੋਹਾਂ ਹਾਲਤਾਂ ਵਿੱਚ ਉਂਗਲਾਂ ਦਾ ਪ੍ਰਯੋਗ ਹੇਠ ਲਿਖੇ ਅਨੁਸਾਰ ਹੀ ਹੋਣਾ ਚਾਹੀਦਾ ਹੈ:

(I) ਗੇ, ਗਿ ਅਤੇ ਘੇ

ਡੱਗੇ ਉੱਤੇ ਸ਼ਿਆਹੀ ਦੇ ਖੁੱਲ੍ਹੇ ਪਾਸੇ ਵੱਲ ਹੱਥ ਦਾ ਗੁੱਟ ਰੱਖਦਿਆਂ ਉਂਗਲਾਂ ਦਾ ਆਘਾਤ ਸ਼ਿਆਹੀ ਦੇ ਅਗਲੇ ਪਾਸੇ ਮੈਦਾਨ ਵਿੱਚ ਬਾਹਰੋਂ ਅੰਦਰ ਵੱਲ ਕੀਤਾ ਜਾਂਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਹੱਥ ਦੀ ਹਥੇਲੀ ਸ਼ਿਆਹੀ ਉਪਰ ਨਾ ਚੜ੍ਹ ਜਾਵੇ ਅਜਿਹੀ ਹਾਲਤ ਵਿੱਚ ਡੱਬੇ ਤੋਂ ਉਤਪਨ ਹੋਣ ਵਾਲਾ ਨਾਦ ਮੱਧਮ ਪੈ ਜਾਵੇਗਾ ਜਾਂ ਬੰਦ ਹੋ ਜਾਵੇਗਾ। ਉਂਗਲੀਆਂ ਦਾ ਆਘਾਤ ਵੀ ਸ਼ਿਆਹੀ ਤੋਂ ਅਗਲੇ ਪਾਸੇ ਮੈਦਾਨ ਵਿੱਚ ਹੋਣਾ ਚਾਹੀਦਾ ਹੈ। ਜੇਕਰ ਆਘਾਤ ਉੱਪਰ ਹੁੰਦਾ ਰਹੇਗਾ ਤਾਂ ਉਤਪਨ ਹੋਣ ਵਾਲਾ ਨਾਦ ਸਪਸ਼ਟ ਨਹੀਂ ਹੋਵੇਗਾ ਅਤੇ ਸ਼ਿਆਹੀ ਵੀ ਉਖੜਨੀ ਸ਼ੁਰੂ ਹੋ ਜਾਵੇਗੀ।

ਉਪਰੋਕਤ ਦੱਸੀ ਵਿਧੀ ਅਨੁਸਾਰ ਦੂਸਰੀ ਉਂਗਲੀ ਨਾਲ ਆਘਾਤ ਕਰਨ ਤੇ ਗੇ ਬੋਲ ਦਾ ਨਿਕਾਸ ਹੁੰਦਾ ਹੈ। ਦਰੁੱਤ ਲੈਅ ਵਿੱਚ ਵਾਦਨ ਕਰਦੇ ਸਮੇਂ ਪਹਿਲੀ ਅਤੇ ਦੂਜੀ ਦੋਵੇਂ ਉਂਗਲੀਆਂ ਵਿੱਚੋਂ ਕਿਸੇ ਵੀ ਇੱਕ ਨਾਲ ਸੁਵਿਧਾ ਅਨੁਸਾਰ ਗੇ ਜਾਂ ਗਿ ਬੋਲ ਵਜਾਇਆ ਜਾਂਦਾ ਹੈ। ਘੇ ਬੋਲ ਦੇ ਵਾਦਨ ਲਈ, ਉਂਗਲੀ ਦੇ ਆਘਾਤ ਦੇ ਨਾਲ ਨਾਲ ਗੁੱਟ ਨਾਲ

ਥੋੜ੍ਹੀ ਜਿਹੀ ਦਾਬ ਵੀ ਪਾਈ ਜਾਂਦੀ ਹੈ। ਇਸ ਵਾਸਤੇ ਕੇਵਲ ਦੂਸਰੀ ਉਂਗਲੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ।

(II) ਕ

ਡੱਬੇ ਤੇ ਹੀ ਹੱਥ ਦੀਆਂ ਉਂਗਲੀਆਂ ਅਤੇ ਅੰਗੂਠੇ ਦੇ ਇਕੱਠੇ ਆਘਾਤ ਨਾਲ ਕ ਬੋਲ ਦੀ ਉਤਪਤੀ ਹੁੰਦੀ ਹੈ। ਇਸ ਦੇ ਵਾਦਨ ਵੇਲੇ ਹੱਥ ਦੇ ਗੁੱਟ ਨੂੰ ਉਪਰ ਨਹੀਂ ਚੁੱਕਿਆ ਜਾਂਦਾ, ਕੇਵਲ ਉਂਗਲਾਂ ਅਤੇ ਅੰਗੂਠੇ ਦੇ ਆਘਾਤ ਨਾਲ ਹੀ ਕ ਬੋਲ ਸਿਰਜਿਆ ਜਾਂਦਾ ਹੈ।

(III) ਕਤ੍

ਇਸ ਬੋਲ ਨੂੰ ਕ ਦੇ ਦੂਜੇ ਅਤੇ ਜ਼ੋਰਦਾਰ ਰੂਪ ਵਜੋਂ ਜਾਣਿਆਂ ਜਾਂਦਾ ਹੈ। ਇਸ ਦਾ ਵਾਦਨ ਕਰਨ ਲਈ ਸਮੁੱਚੇ ਹੱਥ ਨੂੰ ਢਿੱਲਾ ਛਡਦਿਆਂ ਥੋੜਾ ਉੱਪਰ ਚੁੱਕ ਕੇ ਐਸੀ ਜਰਬ ਲਗਾਈ ਜਾਂਦੀ ਹੈ, ਭਾਵ ਐਸਾ ਆਘਾਤ ਕੀਤਾ ਜਾਂਦਾ ਹੈ ਕਿ ਸੁਨਣ ਵਾਲਿਆਂ ਨੂੰ ਕ ਅਤੇ ਤ ਦੋਵੇਂ ਬੋਲਾਂ ਦਾ ਆਭਾਸ ਹੁੰਦਾ ਹੈ ਪਰ ਵੱਜਦਾ ਕੇਵਲ ਕ ਹੀ ਹੈ।

2. **ਮਦੀਨ ਜਾਂ ਚੱਠੂ ਉਤੇ ਵਜਾਏ ਜਾਣ ਵਾਲੇ ਬੋਲ ਅਤੇ ਉਹਨਾ ਦੀ ਵਾਦਨ ਵਿਧੀ:** ਬਹੁਗਿਣਤੀ ਤਬਲਾ ਵਾਦਕਾਂ ਵਲੋਂ ਸੱਜੇ ਹੱਥ ਨਾਲ ਵਜਾਏ ਜਾਣ ਕਾਰਨ ਮਦੀਨ ਨੂੰ ਦਾਯਾਂ ਵੀ ਆਖਿਆ ਜਾਂਦਾ ਹੈ। ਇੱਕ ਕੁਸ਼ਲ ਤਬਲਾ ਵਾਦਕ ਬਨਣ ਲਈ ਮਦੀਨ ਉੱਤੇ ਵੱਜਣ ਵਾਲੇ ਬੋਲਾਂ ਦਾ ਵਿਸ਼ੇਸ਼ ਰਿਆਜ਼ ਨਿਰੰਤਰ ਰੂਪ ਵਿੱਚ ਕੀਤਾ ਜਾਣਾ ਜਰੂਰੀ ਹੈ। ਤਬਲੇ ਉੱਤੇ ਵਜਾਏ ਜਾਣ ਵਾਲੇ ਬੋਲਾਂ ਵਿੱਚ ਵਧੇਰੇ ਯੋਗਦਾਨ ਦਾਯੇਂ ਉੱਪਰ ਵੱਜਣ ਵਾਲੇ ਬੋਲਾਂ ਦਾ ਹੀ ਹੁੰਦਾ ਹੈ। ਹੱਥ ਦੇ ਰਖਾਵ, ਵਾਦਨ ਵਿਧੀ ਅਤੇ ਡੱਗੇ ਤੇ ਵਜਾਏ ਜਾਣ ਵਾਲੇ ਬੋਲਾਂ ਦੇ ਸੁਮੇਲ ਨਾਲ ਮਦੀਨ ਉੱਪਰ ਅਨੇਕਾਂ ਬੋਲ-ਰਚਨਾਵਾਂ ਕੀਤੀਆਂ ਜਾ ਸਕਦੀਆਂ ਹਨ।

ਤਬਲਾ ਵਾਦਨ ਕਰਦੇ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਮਦੀਨ ਉੱਤੇ ਹੱਥ ਦਾ ਰਖਾਵ ਨਿਰਧਾਰਿਤ ਅਤੇ ਉਚਿਤ ਮੁਦਰਾ ਵਿੱਚ ਹੀ ਕੀਤਾ ਜਾਵੇ। ਚੀਚੀ ਉਂਗਲੀ ਗਜਰੇ ਦੇ ਲਾਗੇ ਅਤੇ ਇਸ ਨੂੰ ਛੂੰਹਦੀ ਰਹੇ। ਹੱਥ ਦਾ ਅੰਗੂਠਾ ਵੀ ਇਸ ਦੀ ਵਿਪਰੀਤ ਦਿਸ਼ਾ ਵਲ ਗਜਰੇ ਉੱਤੇ ਰਹੇ ਜਾਂ ਇਸ ਨੂੰ ਛੂੰਹਦਾ ਰਹੇ।

(I) ਨਾ

ਉਪਰੋਕਤ ਮੁਦਰਾ ਅਨੁਸਾਰ ਹੱਥ ਨੂੰ ਰੱਖਦਿਆਂ ਹੋਇਆ ਤੀਸਰੀ ਉਂਗਲੀ ਸ਼ਿਆਹੀ ਅਤੇ ਮੈਦਾਨ ਦੇ ਜੋੜ ਉੱਤੇ, ਦੂਸਰੀ ਉਂਗਲੀ ਉੱਪਰ ਚੁੱਕੀ ਹੋਈ ਅਤੇ ਪਹਿਲੀ ਉਂਗਲ ਨਾਲ ਕਿਨਾਰ ਦੇ ਬਾਹਰੀ ਸਿਰੇ ਉੱਤੇ ਪ੍ਰਹਾਰ ਕਰਨ ਨਾਲ ਨਾ ਬੋਲ ਉਪਜਦਾ ਹੈ।

(II) ਤਾ

ਤਾ ਬੋਲ ਦੇ ਵਾਦਨ ਸਮੇਂ ਹੱਥ ਅਤੇ ਉਂਗਲਾਂ ਦੀ ਸਥਿਤੀ ਨਾ ਬੋਲ ਦੀ ਵਾਦਨ ਕਿਰਿਆ ਵਾਂਗ ਹੀ ਰਹਿੰਦੀ ਹੈ। ਪਰ ਪਹਿਲੀ ਉਂਗਲ ਦਾ ਆਘਾਤ ਕਿਨਾਰ ਦੇ ਬਾਹਰੀ ਸਿਰੇ ਦੀ ਬਜਾਏ ਇਸਦੇ ਅੰਦਰ ਵੱਲ ਕਿਨਾਰ ਅਤੇ ਮੈਦਾਨ ਦੇ ਜੋੜ ਉੱਤੇ ਕੀਤਾ ਜਾਂਦਾ ਹੈ।

(III) ਤਿੰ ਜਾ ਤੀ

ਤਿੰ ਬੋਲ ਦੇ ਨਿਕਾਸ ਲਈ ਹੱਥ ਦਾ ਰਖਾਵ ਉੱਪਰ ਦੱਸੀ ਵਿਧੀ ਅਨੁਸਾਰ ਹੀ ਹੁੰਦਾ ਹੈ, ਪਰ ਪਹਿਲੀ ਉਂਗਲੀ ਦਾ ਆਘਾਤ ਮੈਦਾਨ ਅਤੇ ਸ਼ਿਹਾਈ ਦੇ ਜੋੜ ਉੱਪਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਤਿੰ ਜਾਂ ਤੀ ਬੋਲ ਦੀ ਉਤਪਤੀ ਹੁੰਦੀ ਹੈ।

ਤਬਲਾ ਵਾਦਨ ਦੀਆਂ ਪ੍ਰਚਲਿਤ ਪੁਸਤਕਾਂ ਵਿੱਚ ਤਿੰ ਅਤੇ ਤੀ ਦੀ ਵਰਤੋਂ ਵਿੱਚ ਭੇਦ ਨਜ਼ਰ ਨਹੀਂ ਆਉਂਦਾ। ਧਿੰਨਾ ਬੋਲ ਨੂੰ ਧੀਨਾ ਵੀ ਕਹਿ ਲਿਆ ਜਾਂਦਾ ਹੈ। ਤਬਲਾ ਵਾਦਨ ਦੇ ਵੱਖ-2 ਘਰਾਣਿਆਂ ਦੇ ਹੋਂਦ ਵਿੱਚ ਆਉਣ ਕਾਰਣ ਉਚਾਰਣ ਭੇਦ ਦੇ ਫਲਸਰੂਪ ਇੱਕ ਹੀ ਬੋਲ ਨੂੰ ਤਿੰ ਅਤੇ ਤੀ ਵਜੋਂ ਵੱਖ-2 ਨਾਵਾਂ ਨਾਲ ਜਾਣਿਆ ਜਾਣ ਲਗ ਪਿਆ ਹੈ।

(IV) ਤੂ

ਤੂ ਬੋਲ ਦੇ ਨਿਕਾਸ ਲਈ ਹੱਥ ਦੀਆਂ ਉਂਗਲਾਂ ਸ਼ੁਰੂ ਵਿੱਚ ਨਾ ਬੋਲ ਵਜਾਉਣ ਵਾਲੀ ਸਥਿਤੀ ਵਿੱਚ ਰੱਖਦਿਆਂ ਪਹਿਲੀ ਉਂਗਲ ਨਾਲ ਸਿਆਹੀ ਤੇ ਬਾਹਰ ਵੱਲ ਨੂੰ ਆਘਾਤ ਕੀਤਾ ਜਾਂਦਾ ਹੈ। ਇਹ ਆਘਾਤ ਬਹੁਤ

ਹੀ ਮੱਧਮ ਪ੍ਹਾਰ ਨਾਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਇਸ ਬੋਲ ਨੂੰ ਜ਼ਰਾ ਜ਼ੋਰਦਾਰ ਵਜਾ ਦਿੱਤਾ ਜਾਵੇ ਤਾਂ ਤਬਲੇ ਦੀ ਸ਼ਿਆਹੀ ਛਣਕਨੀ ਸ਼ੁਰੂ ਹੋ ਜਾਂਦੀ ਹੈ ਅਤੇ ਉਖੜਦੀ ਜਾਂਦੀ ਹੈ। ਇਸਦੇ ਫਲਸਰੂਪ ਬੋਲਾਂ ਦਾ ਨਿਕਾਸ ਸਾਫ ਅਤੇ ਸਪਸ਼ਟ ਨਹੀਂ ਰਹਿੰਦਾ।

(V) ਤਿ ਅਤੇ ਤੇ

ਇਹ ਬਹੁਤ ਹੀ ਮਹੱਤਵਪੂਰਨ ਬੋਲ ਹੈ। ਇਸ ਦੇ ਸੁਮੇਲ ਨਾਲ ਤਬਲਾ ਵਾਦਨ ਵਿੱਚ ਅਨੇਕਾਂ ਨਵੇਂ ਬੋਲ ਘੜੇ ਅਤੇ ਵਜਾਏ ਜਾਂਦੇ ਹਨ। ਪ੍ਰਚਲਿਤ ਵਾਦਨ ਪਰੰਪਰਾ ਅਨੁਸਾਰ ਤਿ ਜਾ ਤੇ ਵਜਾਉਣ ਲਈ ਦੂਸਰੀ ਅਤੇ ਤੀਸਰੀ ਉਂਗਲੀ ਉਂਗਲ ਨਾਲ ਸ਼ਿਆਹੀ ਤੇ ਆਘਾਤ ਕੀਤਾ ਜਾਂਦਾ ਰਿਹਾ ਹੈ। ਇਸ ਬੋਲ ਦੇ ਵਾਦਨ ਵਿੱਚ ਦੋ ਉਂਗਲਾਂ ਦੇ ਇਕੱਠੇ ਪ੍ਹਾਰ ਅਤੇ ਬਾਕੀ ਬੋਲਾਂ ਵਿੱਚ ਇਕੱਲੀ-2 ਉਂਗਲ ਨਾਲ ਵਾਦਨ ਤੋਂ ਉਪਜੇ ਨਾਦ ਵਿੱਚ ਭਿੰਨਤਾ ਆ ਜਾਂਦੀ ਹੈ। ਇਸ ਲਈ ਗੁਣੀਜਨ ਇਸ ਬੋਲ ਦੀ ਉਤਪਤੀ ਨਾਦ ਵਿੱਚ ਭਿੰਨਤਾ ਆ ਜਾਂਦੀ ਹੈ। ਇਸ ਲਈ ਗੁਣੀਜਨ ਇਸ ਬੋਲ ਦੀ ਉਤਪਤੀ ਲਈ ਕੇਵਲ ਦੂਸਰੀ ਉਂਗਲੀ ਨਾਲ ਮੱਧਮ ਜਿਹਾ ਆਘਾਤ ਕਰਦੇ ਹਨ। ਅਜਿਹਾ ਕਰਨ ਨਾਲ ਇਸ ਬੋਲ ਦਾ ਬਹੁਤਾ ਸ਼ੋਰ ਵੀ ਨਹੀਂ ਪੈਂਦਾ ਅਤੇ ਤਿਆਰੀ ਵੀ ਛੇਤੀ ਹੋ ਜਾਂਦੀ ਹੈ।

(IV) ਰ ਜਾਂ ਰੇ

ਤਿ ਜਾਂ ਤੇ ਵਜਾਉਣ ਲਈ ਉੱਪਰ ਦੱਸੀ ਗਈ ਹੱਥ ਦੀ ਮੁਦਰਾ ਅਨੁਸਾਰ ਹੀ ਪਹਿਲੀ ਉਂਗਲ ਨਾਲ ਸ਼ਿਹਾਈ ਤੇ ਆਘਾਤ ਕਰਨ ਤੇ ਰ ਅਤੇ ਰੇ ਬੋਲਾਂ ਦਾ ਨਿਕਾਸ ਕੀਤਾ ਜਾਂਦਾ ਹੈ।

3. **ਡੱਗੇ ਅਤੇ ਮਦੀਨ ਦੋਵਾਂ ਤੇ ਸੰਯੁਕਤ ਰੂਪ ਨਾਲ ਵਜਾਏ ਜਾਣ ਵਾਲੇ ਬੋਲਾਂ ਦਾ ਨਿਕਾਸ:** ਜਿਵੇਂ ਕਿ ਪਹਿਲਾਂ ਡੱਗੇ ਅਤੇ ਮਦੀਨ ਉੱਪਰ ਬੋਲਾਂ ਦੇ ਨਿਕਾਸ ਦੀ ਵਿਧੀ ਦੱਸੀ ਗਈ ਹੈ। ਤਬਲਾ ਵਾਦਨ ਵਿੱਚ ਕੁਝ ਬੋਲ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਵਾਦਨ ਡੱਗੇ ਅਤੇ ਮਦੀਨ ਦੋਹਾਂ ਤੇ ਸੰਯੁਕਤ ਰੂਪ ਨਾਲ ਪ੍ਹਾਰ ਕਰਕੇ ਕੀਤਾ ਜਾਂਦਾ ਹੈ।

(I) ਧਾ

ਡੱਗੇ ਅਤੇ ਮਦੀਨ ਉੱਪਰ ਸੰਯੁਕਤ ਰੂਪ ਵਿੱਚ ਵਜਾਏ ਜਾਣ ਵਾਲੇ ਬੋਲਾਂ ਵਿੱਚੋਂ ਇਹ ਇੱਕ ਮਹੱਤਵਪੂਰਨ ਬੋਲ ਹੈ। ਲਗਭਗ ਸਭ ਤਾਲਾਂ ਅਤੇ ਵਾਦਨ ਸ਼ੈਲੀਆਂ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਮਦੀਨ ਉੱਪਰ ਤਾਂ ਅਤੇ ਡੱਗੇ ਉੱਪਰ ਗੇ ਬੋਲ ਦੇ ਇਕੱਠੇ ਵਾਦਨ ਨਾਲ ਧਾ ਉਪਜਦਾ ਹੈ।

(II) ਧਿੰ

ਇਹ ਬੋਲ ਵੀ ਤਬਲਾ ਵਾਦਨ ਵਿੱਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਬੋਲਾਂ ਵਿੱਚੋਂ ਇੱਕ ਹੈ। ਜਦੋਂ ਮਦੀਨ ਉੱਤੇ ਤਿੰ ਅਤੇ ਡੱਗੇ ਉੱਤੇ ਗੇ ਬੋਲ ਸੰਯੁਕਤ ਰੂਪ ਵਿੱਚ ਵਜਾਏ ਜਾਂਦੇ ਹਨ ਤਾਂ ਧਿੰ ਬੋਲ ਦਾ ਨਿਕਾਸ ਹੁੰਦਾ ਹੈ।

(III) ਤਿਰਕਿਟ

ਹੱਥ ਦੀ ਤਿਆਰੀ ਅਤੇ ਵੱਖ-2 ਲੈਅਕਾਰੀਆਂ ਦੇ ਪ੍ਰਦਰਸ਼ਨ ਲਈ ਇਹ ਅਤਿ ਉੱਤਮ ਬੋਲ ਹੈ। ਹਰ ਇੱਕ ਬਾਜ ਵਿੱਚ ਤਿਰਕਿਟ ਵਜਾਉਣ ਦਾ ਵੱਖਰਾ-2 ਢੰਗ ਪ੍ਰਚਲਿਤ ਰਿਹਾ ਹੈ। ਇਹ ਚਾਰ ਬੋਲਾਂ ਦਾ ਸਮੂੰਹ ਵਾਚਕ ਬੋਲ ਹੈ (ਤਿ + ਰ + ਕਿ + ਟ)। ਤਿ ਮਦੀਨ ਦੀ ਸ਼ਿਆਹੀ ਉੱਤੇ ਦੂਸਰੀ ਉਂਗਲ ਦਾ ਵੱਜਣ ਵਾਲਾ ਬੋਲ ਹੈ। ਰ ਵੀ ਸ਼ਿਆਹੀ ਉੱਤੇ ਪਹਿਲੀ ਉਂਗਲ ਨਾਲ ਵਜਦਾ ਹੈ। ਕਿ ਬੋਲ ਦਾ ਨਿਕਾਸ ਡੱਗੇ ਉੱਤੇ ਚਾਰੇ ਉਂਗਲਾਂ ਅਤੇ ਅੰਗੂਠੇ ਦੇ ਇਕੱਠੇ ਆਘਾਤ ਨਾਲ ਵੱਜਦਾ ਹੈ। ਟ ਬੋਲ ਮਦੀਨ ਦੀ ਸ਼ਿਆਹੀ ਉੱਤੇ ਤੀਸਰੀ ਉਂਗਲੀ ਨਾਲ ਵਜਾਇਆ ਜਾਂਦਾ ਹੈ। ਇਸ ਤਰ੍ਹਾਂ ਤਿਰਕਿਟ ਬੋਲ ਦਾ ਹੱਥ ਜਲਦੀ ਹੀ ਤਿਆਰ ਹੋ ਜਾਂਦਾ ਹੈ।

ਕੁਝ ਵਿਦਵਾਨ ਤਿ ਨੂੰ ਦੂਸਰੀ ਅਤੇ ਤੀਸਰੀ ਉਂਗਲ ਨਾਲ ਇਕੱਠਿਆਂ ਵਜਾਉਣ ਦੀ ਹਦਾਇਤ ਦਿੰਦੇ ਹਨ ਅਤੇ ਤਿਰਕਿਟ ਦੇ ਅੰਤ ਵਿੱਚ ਆਉਣ ਵਾਲੇ ਟ ਬੋਲ ਲਈ ਵੀ ਇਹੋ ਹੀ ਹਸਤਕ੍ਰਿਆ ਦੀ ਹਾਮੀ ਭਰਦੇ ਹਨ ਪਰ ਇਸ ਨਾ ਦਰੁਤ ਲੈਅ ਵਿੱਚ ਤਿਰਕਿਟ ਵਜਾਉਣਾਂ ਇਸ ਸ਼ੈਲੀ ਵਿੱਚ ਮੁਸ਼ਕਿਲ ਹੋ ਜਾਂਦਾ ਹੈ। ਤਿ ਅਤੇ ਟ ਦਾ ਨਾਦ ਰ ਦਾ ਨਾਦ ਤੋਂ ਦੁੱਗਣਾ ਹੋ ਕੇ ਰ ਦੀ ਖ਼ੂਬਸੂਰਤੀ ਲੁਕਾ ਦਿੰਦਾ ਹੈ।

ਉਪਰੋਕਤ ਦੱਸੀ ਗਈ ਵਾਦਨ ਵਿਧੀ ਤੇ ਚਲਦਿਆਂ ਅਨੇਕਾਂ ਨਵੇਂ ਬੋਲ ਸਮੂੰਹਾਂ ਦੀ ਰਚਨਾ ਅਤੇ ਨਿਕਾਸ ਕੀਤਾ ਜਾ ਸਕਦਾ ਹੈ। ਜੋ ਵਿਦਿਆਰਥੀ ਜਾਂ ਸਾਧਕ ਦੀ ਮਿਹਨਤ ਤਪੱਸਿਆ ਅਤੇ ਰਿਆਜ਼ ਤੇ ਨਿਰਭਰ ਕਰਦਾ ਹੈ।

Postal Regd. No. PB / 0124 / 2001 RNI Regd. No. 46788/89 ISSN 0972-2335

# ਮਾਤਾ ਜਸਵੰਤ ਕੌਰ ਸਰਬੋਤਮ ਮੌਲਿਕ ਬਾਲ-ਪੁਸਤਕ ਪੁਰਸਕਾਰ

ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ

ਪਿਛਲੇ ਸਾਲ ਪ੍ਰੋ. ਪ੍ਰੀਤਮ ਸਿੰਘ (ਪਟਿਆਲਾ) ਤੇ ਸ. ਕੁਲਵੰਤ ਸਿੰਘ (ਨਵੀਂ ਦਿੱਲੀ) ਨੇ ਆਪਣੀ ਸੁਰਗਵਾਸੀ ਮਾਤਾ ਸ੍ਰੀਮਤੀ ਜਸਵੰਤ ਕੌਰ ਦੀ ਯਾਦ ਵਿੱਚ ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ਪਾਸ ਇੱਕ ਐਂਡਾਉਮੈਂਟ ਦੀ ਰਕਮ ਜਮ੍ਹਾ ਕਰਾਈ ਸੀ ਜਿਸ ਤੋਂ ਹੋਣ ਵਾਲੀ ਆਮਦਨ ਨਾਲ, ਹਰ ਸਾਲ ਅਕਾਡਮੀ ਵਲੋਂ, ਸਭ ਤੋਂ ਵਧੀਆ ਬਾਲ-ਪੁਸਤਕ ਨੂੰ ਦਸ ਹਜ਼ਾਰ ਦਾ ਨਕਦ ਇਨਾਮ ਦਿੱਤਾ ਜਾਇਆ ਕਰੇਗਾ।

ਪੰਜ ਨਿਰਪੱਖ ਨਿਰਣਾਇਕਾਂ ਦੇ ਫੈਸਲੇ ਅਨੁਸਾਰ ਸਾਲ 2000 ਲਈ ਇਹ ਪੁਰਸਕਾਰ ਸਾਂਝੇ ਤੌਰ ਤੇ ਹਰਦੇਵ ਚੌਹਾਨ ਦੀ ਪੁਸਤਕ 'ਚਾਂਦੀ ਦਾ ਕੱਪ' ਅਤੇ ਜਸਬੀਰ ਭੁੱਲਰ ਦੇ ਸ਼ਾਹਮੁਖੀ ਲਿੱਪੀ ਵਿੱਚ ਛਪੇ ਬਾਲ-ਨਾਵਲ 'ਆਲੇ ਭੋਲੇ' ਨੂੰ ਦਿੱਤਾ ਜਾ ਰਿਹਾ ਹੈ।

ਸੰਨ 2001 ਦੇ ਇਨਾਮੀ ਮੁਕਾਬਲੇ ਲਈ ਪੰਜਾਬੀ ਸਾਹਿਤ ਅਕਾਡਮੀ, ਦੁਨੀਆਂ ਭਰ ਦੇ ਲੇਖਕਾਂ ਨੂੰ ਸੱਦਾ ਦਿੰਦੀ ਹੈ ਕਿ ਪਹਿਲੀ ਜਨਵਰੀ 1999 ਤੋਂ ਇਕੱਤੀ ਦਸੰਬਰ 2000 ਤੱਕ ਦੇ ਦੋ ਸਾਲਾਂ ਦੌਰਾਨ ਆਪਣੀਆਂ ਪੰਜਾਬੀ ਵਿੱਚ ਛਪੀਆਂ ਹੋਈਆਂ ਮੌਲਿਕ ਬਾਲ-ਪੁਸਤਕਾਂ ਦੀਆਂ ਸੱਤ-ਸੱਤ ਕਾਪੀਆਂ, ਡਾਕ ਰਾਹੀ, ਦਸਤੀ ਜਾਂ ਕੁਰੀਅਰ ਰਾਹੀਂ ਇਕੱਤੀ ਦਸੰਬਰ 2001 ਤੱਕ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ, ਡਾਇਰੈਕਟਰ, ਰੈਫ਼ਰੈਂਸ ਲਾਇਬ੍ਰੇਰੀ, ਪੰਜਾਬੀ ਭਵਨ, ਲੁਧਿਆਣਾ ਕੋਲ ਪਹੁੰਚਦੀਆਂ ਕਰ ਦੇਣ।

- ਇਸ ਮੁਕਾਬਲੇ ਵਿੱਚ ਆਮ ਤੌਰ ਤੇ ਇੱਕੋ ਪੁਸਤਕ ਨੂੰ ਇਨਾਮ ਦਿੱਤਾ ਜਾਵੇਗਾ, ਜਿਸ ਦੀ ਰਾਸ਼ੀ ਦਸ ਹਜ਼ਾਰ ਰੁਪੈ ਹੋਵੇਗੀ।
- ਇਸ ਇਨਾਮੀ ਮੁਕਾਬਲੇ ਵਿੱਚ ਦੁਨੀਆਂ ਭਰ ਦੇ ਪੰਜਾਬੀ ਲੇਖਕ ਹਿੱਸਾ ਲੈ ਸਕਣਗੇ।
- ਇਨਾਮ ਲਈ ਕੇਵਲ ਗੁਰਮੁਖੀ ਜਾਂ ਸ਼ਾਹਮੁਖੀ ਅੱਖਰਾਂ ਵਿੱਚ ਛਪੀਆਂ ਹੋਈਆਂ ਬਾਲ-ਪੁਸਤਕਾਂ ਹੀ ਪ੍ਰਵਾਨ ਕੀਤੀਆਂ ਜਾਣਗੀਆਂ।
- ਅਨੁਵਾਦ ਜਾਂ ਹੋਰਨਾਂ ਦੀਆਂ ਰਚਨਾਵਾਂ ਉੱਤੇ ਆਧਾਰਿਤ ਪੁਸਤਕਾਂ ਇਨਾਮ ਦੇ ਯੋਗ ਨਹੀਂ ਸਮਝੀਆਂ ਜਾਣਗੀਆਂ।
- ਬਾਲ ਪੁਸਤਕ ਕਿਸੇ ਵੀ ਸਾਹਿਤਕ ਰੂਪ ਵਿੱਚ ਰਚੀ ਹੋਈ ਹੋ ਸਕਦੀ ਹੈ, ਜਿਵੇਂ ਕਵਿਤਾ, ਕਹਾਣੀ, ਨਾਟਕ, ਨਾਵਲ ਜਾਂ ਹੋਰ ਕੋਈ ਵੀ ਨਵਾਂ ਜਾਂ ਪੁਰਾਣਾ ਸਾਹਿਤਕ ਰੂਪ।
- ਪਿਛਲੇ ਦੋ ਸਾਲਾਂ ਦੌਰਾਨ ਛਪੀਆਂ ਪੁਸਤਕਾਂ ਹੀ ਵਿਚਾਰ ਅਧੀਨ ਲਿਆਂਦੀਆਂ ਜਾਣਗੀਆਂ।
- ਲੇਖਕ ਵਲੋਂ ਹਰ ਕਿਤਾਬ ਬਾਰੇ ਇਹ ਦੱਸਿਆ ਜਾਣਾ ਜ਼ਰੂਰੀ ਹੋਵੇਗਾ ਕਿ ਉਸ ਦੀ ਪੇਸ਼ ਕੀਤੀ ਜਾ ਰਹੀ ਕਿਤਾਬ ਕਿਸ ਉਮਰ ਦੇ ਬੱਚਿਆਂ ਲਈ ਲਿਖੀ ਗਈ ਹੈ। ਜੇ ਇਹ ਸੂਚਨਾ ਕਿਤਾਬ/ਕਿਤਾਬਾਂ ਦੇ ਉੱਪਰ ਛਪੀ ਹੋਈ ਨਾ ਹੋਵੇ ਤਾਂ ਲੇਖਕ ਨੂੰ ਚਿੱਠੀ ਰਾਹੀਂ ਆਪਣੀ ਹਰ ਕਿਤਾਬ ਬਾਰੇ ਇਹ ਸੂਚਨਾ ਭੇਜ ਦੇਣੀ ਚਾਹੀਦੀ ਹੈ।
- ਅਕਾਡਮੀ ਵਲੋਂ ਨਾਮਜ਼ਦ ਪੰਜ-ਮੈਂਬਰੀ ਚੋਣ-ਕਮੇਟੀ ਨੂੰ ਮੁਕਾਬਲੇ ਵਿੱਚ ਪੇਸ਼ ਨਾ ਹੋਈਆਂ ਪੁਸਤਕਾਂ ਵਿਚਾਰਨ ਦਾ ਹੱਕ ਹੋਵੇਗਾ।
- ਜੇ ਚੋਣ ਕਮੇਟੀ ਨੂੰ ਕਿਸੇ ਸਾਲ ਪੇਸ਼ ਹੋਈਆਂ ਕਿਤਾਬਾਂ ਵਿੱਚੋਂ ਕੋਈ ਵੀ ਕਿਤਾਬ ਇਨਾਮ ਦੇ ਯੋਗ ਨਾ ਦਿੱਸੇ ਤਾਂ ਇਨਾਮ ਨਹੀਂ ਦਿੱਤਾ ਜਾਵੇਗਾ।
- ਚੋਣ ਕਮੇਟੀ ਦੇ ਮੈਂਬਰ ਤੇ ਉਨ੍ਹਾਂ ਦੇ ਪਰਿਵਾਰ ਇਸ ਇਨਾਮੀ ਮੁਕਾਬਲੇ ਵਿੱਚ, ਸਿੱਧੇ ਜਾਂ ਅਸਿੱਧੇ ਤੌਰ ਉੱਤੇ ਹਿੱਸਾ ਨਹੀਂ ਲੈ ਸਕਣਗੇ।
- ਮੁਕਾਬਲੇ ਲਈ ਪ੍ਰਕਾਸ਼ਕ ਪੁਸਤਕਾਂ ਭੇਜ ਸਕਦੇ ਹਨ ਪਰ ਇਨਾਮ ਲੇਖਕ ਨੂੰ ਹੀ ਮਿਲੇਗਾ।